੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

# ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

www.sribhainisahib.com ਜਿਲਦ-24 ਨੰਬਰ-2

6 ਤੋਂ 12 ਫੱਗਣ 2072 - 18 to 24 February 2016 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 201

## ਦਰਸਨ ਦੀ ਐਸੀ ਲੋੜ ਹੈ

ਸਾਨੂ ਤਾ ਸੰਗਤ ਦੇ ਸਿੰਘਾ ਦੇ ਦਰਸਨ ਦੀ ਐਸੀ ਲੋੜ ਹੈ ਜੈਸੀ ਚਾਤ੍ਰਕ ਕੋ ਸੁਆਤੀ ਬੂੰਦ ਕੀ ਹੁੰਦੀ ਹੈ। ਸਾਨੂ ਤੇ ਤੁਸਾ ਦਾ ਦਰਸਨ ਦੁਰਲੰਭ ਹੈ। ਸਾਡੇ ਜੈਸੇ ਤਾ ਦੇਸ ਮੈ ਹਜਾਰਾ ਹੈਨ।



# ਰਾਮਪੁਰਾ ਫੂਲ ਵਿਖੇ ੩੩ਵਾਂ ਸਲਾਨਾ ਸ਼ਹੀਦੀ ਸਮਾਗਮ

★ ਸ੍ਰੀ ਸਤਿਗੁਰੂ ਜੀ ਵਲੋਂ ਨਾਮਧਾਰੀ ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ ★੨੦੦ਵੇਂ ਪ੍ਰਕਾਸ਼ ਪੁਰਬ ਤੇ ਸਤਿਗੁਰੂ ਜੀ ਵਲੋਂ ਸੋਵੀਨਰ ਰਿਲੀਜ਼

★ ਕੂਕਾ ਅੰਦੋਲਨ ਦੀਆਂ ਕੁਰਬਾਨੀਆਂ ਵਿਚ ਮਾਲਵੇ ਦਾ ਵੱਡਾ ਯੋਗਦਾਨ-(ਕੈਬਨਿਟ ਮੰਤਰੀ) ਸ. ਸਿਕੰਦਰ ਸਿੰਘ ਮਲੂਕਾ

★ ਸ਼ਹੀਦਾਂ ਦੀ ਯਾਦ ਵਿਚ ੫ ਸਧਾਰਨ ਪਾਠਾਂ ਦੇ ਭੋਗ




ਰਾਮਪੁਰਾ ਫੂਲ ਵਿਖੇ ਸ਼ਹੀਦੀ ਸਮਾਗਮ ਸਮੇਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਸ. ਸਿਕੰਦਰ ਸਿੰਘ ਮਲੂਕਾ (ਕੈਬਨਿਟ ਮੰਤਰੀ) ਦਾ ਸਨਮਾਨ ਕਰਦੇ ਹੋਏ।

ਸ਼ਹੀਦੀ ਸਮਾਰਕ ਰਾਮਪੁਰਾ ਫੂਲ ਵਿਖੇ ਸ਼ਹੀਦ ਵਰਿਆਮ ਸਿੰਘ ਯਾਦਗਾਰ ਕਮੇਟੀ ਰਾਮਪੂਰਾ ਫੂਲ ਅਤੇ ਇਲਾਕੇ ਦੀ ਸੰਗਤ ਵਲੋਂ ਨਾਮਧਾਰੀ ਸ਼ਹੀਦਾਂ ਦੀ ਯਾਦ ਵਿਚ ੩੩ਵਾਂ ਸ਼ਹੀਦੀ ਸਲਾਨਾ ਸਮਾਗਮ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਸ੍ਰੀ ਸਤਿਗੁਰੂ ਜੀ ਨੇ ਪਾਵਨ ਪਵਿੱਤਰ ਦਰਸ਼ਨ ਦਿੱਤੇ ਅਤੇ ਰਾਮਪੁਰਾ ਫੂਲ ਦੀ ਧਰਤੀ ਅਤੇ ਸਮਾਰਕ ਨੂੰ ਭਾਗ ਲਾਏ। ਇਸ ਸਮੇਂ ਨਾਮਧਾਰੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕੈਬਨਿਟ ਮੰਤਰੀ ਸ. ਸਿਕੰਦਰ ਸਿੰਘ ਮਲੂਕਾ ਨੇ ਆਖਿਆ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਆਰੰਭੇ ਪਹਿਲੇ ਆਜ਼ਾਦੀ ਸੰਘਰਸ਼ ਵਿਚ ਕੂਕਿਆਂ ਨੇ ਲਾ-ਮਿਸਾਲ ਕੁਰਬਾਨੀਆ ਕੀਤੀਆਂ। ਸਤਿਗੁਰੂ ਰਾਮ ਸਿੰਘ ਜੀ ਗੁਲਾਮੀ ਦੀ ਗੂੜੀ ਨੀਂਦ ਵਿਚ ਸੁੱਤੇ ਭਾਰਤੀਆਂ ਨੂੰ ਜਗਾਉਣ ਲਈ ਰੱਬੀ ਜੋਤ ਵਿਚ ਪ੍ਰਗਟ ਹੋਏ। ਇਸ ਆਜ਼ਾਦੀ ਲਹਿਰ ਵਿਚ ਸਾਡੇ ਮਾਲਵੇ ਇਲਾਕੇ ਦਾ ਵੱਡਾ ਯੋਗਦਾਨ ਹੈ। ਇਕੱਲੇ ਮਹਿਰਾਜ ਪਿੰਡ ਦੇ ਹੀ ੪ ਸਿੰਘ ਸ਼ਹੀਦ ਹੋਏ। ਸਤਿਗੁਰੂ ਜੀ ਸਮਾਜ ਨੂੰ ਨਸ਼ੇ, ਕੁਰੀਤੀਆਂ ਅਤੇ ਦਾਜ ਦਹੇਜ ਤੋਂ ਬਚਾਅ ਕੇ ਗੁਰਬਾਣੀ ਅਤੇ ਬੰਦਗੀ ਨਾਲ ਜੋੜ ਰਹੇ ਹਨ। ਉਹਨਾਂ ਇਸ ਸਮੇਂ ਨਾਮਧਾਰੀ ਸ਼ਹੀਦੀ ਸਮਾਰਕ ਲਈ ੫ ਲੱਖ ਰੁਪਏ ਦੀ ਗਰਾਂਟ ਦਾ ਵੀ ਐਲਾਨ ਕੀਤਾ। (ਬਾਕੀ ਸਫਾ 4 'ਤੇ)

## ਸਤਿਗੁਰੂ ਰਾਮ ਸਿੰਘ ਜੀ ਦੇ 200 ਵੇਂ ਪ੍ਰਕਾਸ਼ ਵਰ੍ਹੇ ਦਾ ਹੋਲਾ ਮਹੱਲਾ 23-27 ਮਾਰਚ ਸ੍ਰੀ ਭੈਣੀ ਸਾਹਿਬ

ਸ੍ਰੀ ਭੈਣੀ ਸਾਹਿਬ : ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਛੱਤਰ ਛਾਇਆ ਹੇਠ 2016 ਦਾ ਹੋਲਾ ਮਹੱਲਾ ਸ੍ਰੀ ਭੈਣੀ ਸਾਹਿਬ, ਲੁਧਿਆਣਾ (ਪੰਜਾਬ) ਵਿਖੇ ਮਿਤੀ 23 ਤੋਂ 27 ਮਾਰਚ 2016 ਈ. (10 ਤੋਂ 14 ਚੇਤਰ 2072ਬਿ.) ਨੂੰ ਮਨਾਇਆ ਜਾ ਰਿਹਾ ਹੈ। ਇਸ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ 200 ਵੇਂ ਪ੍ਰਕਾਸ਼ ਵਰ੍ਹੇ ਸਮੇਂ ਕੁੱਝ ਖਾਸ ਪ੍ਰੋਗਰਾਮ ਪੇਸ਼ ਕੀਤੇ ਜਾਣਗੇ। ਸਾਧ-ਸੰਗਤ ਸਤਿਗੁਰੂ ਜੀ ਦੇ ਦਰਸ਼ਨ, ਸ਼ਬਦ ਕੀਰਤਨ, ਨਾਮਬਾਣੀ, ਅਤੇ ਹੋਰ ਪ੍ਰੋਗਰਾਮਾਂ ਦਾ ਲਾਹਾ ਲੈਣ ਲਈ ਸਮੇਂ ਸਿਰ ਪਹੁੰਚੇ ਅਤੇ ਸਤਿਯੁਗੀ ਵਾਤਾਵਰਣ ਦਾ ਅਨੰਦ ਮਾਣੇ।

## ਸ੍ਰੀ ਸਤਿਗੁਰੂ ਜੀ ਨੂੰ 2073 ਬਿ. ਦਾ ਕਲੰਡਰ ਭੇਟ




ਸ੍ਰੀ ਭੈਣੀ ਸਾਹਿਬ, 12 ਫਰਵਰੀ 2016:- ਅੱਜ ਇਥੇ ਦੋਪਿਹਰ ਦੇ ਨਿਤਨੇਮ ਬਾਅਦ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200ਵੇਂ ਪ੍ਰਕਾਸ਼ ਪੁਰਬ ਵਰ੍ਹੇ ਸਮੇਂ ਅਦਾਰਾ ਸਤਿਜੁਗ ਵਲੋਂ ਸੰਮਤ 2073 ਬਿ. (2016-2017 ਈ.) ਦਾ ਕਲੰਡਰ ਭੇਟ ਕਰਕੇ ਖ਼ੁਸ਼ੀਆਂ ਝੋਲੀ ਪਵਾਈਆਂ ਗਈਆਂ। ਇਸ ਕਲੰਡਰ ਉੱਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨੀ ਖੁੰਡੇ ਵਾਲਾ ਰੰਗੀਨ ਚਿੱਤਰ ਹੈ, ਅਤੇ ਵਸਾਖ ਤੋਂ ਸ਼ੁਰੂ ਕਰਕੇ ਚੇਤਰ ਤੱਕ ਦੇ ਮਹੀਨੇ ਅੰਗਰੇਜ਼ੀ ਤਰੀਖਾਂ ਨਾਲ ਦਿੱਤੇ ਹੋਏ ਹਨ। ਪਹਿਲੇ ਸਾਲਾ ਦੇ ਕਲੰਡਰਾਂ ਵਾਂਗ ਇਸ ਕਲੰਡਰ ਦੀ ਸਾਧ-ਸੰਗਤ ਵਲੋਂ ਭਰਪੂਰ ਮੰਗ ਪੇਸ਼ ਕੀਤੀ ਜਾ ਰਹੀ ਹੈ। ਕਲੰਡਰ ਸ੍ਰੀ ਭੈਣੀ ਸਾਹਿਬ ਅਤੇ ਦਿੱਲੀ ਦੇ ਸਤਿਜੁਗ ਦੇ ਦਫ਼ਤਰਾਂ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

**ਬਸੰਤ ਪੰਚਮੀ ਤੇ ਵਿਸ਼ੇਸ਼**

# ਨਾਰੀ ਸਮਾਨਤਾ ਅਤੇ ਸਤਿਗੁਰੂ ਰਾਮ ਸਿੰਘ ਜੀ

✍ **ਸੁਰਜੀਤ ਸਿੰਘ ਜੋਬਨ**

ਬਸੰਤ ਪੰਚਮੀ ਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਪਵਿੱਤਰ ਪ੍ਰਕਾਸ਼ ਪੁਰਬ ਹੈ। ਬਸੰਤ ਪੰਚਮੀ ਵੈਸੇ ਵੀ ਸਾਡੇ ਦੇਸ਼ ਵਿਚ ਪਤਝੜ ਤੋਂ ਬਾਅਦ ਕੁਦਰਤ ਦੀ ਨਵੀਂ ਕਰਵਟ ਲੈਣ ਲਈ ਮਨਾਇਆ ਜਾਂਦਾ ਹੈ। ਬਨਸਪਤੀ ਨਵੇਂ ਰੰਗ ਰੂਪ ਧਾਰਣ ਕਰਦੀ ਹੈ। ਪੁਰਾਣੇ ਪੱਤਿਆਂ ਨੇ ਥੱਲੇ ਗਿਰ ਜਾਣਾ ਹੈ ਅਤੇ ਨਵੀਆਂ ਨੇ ਆ ਜਾਣਾ ਹੈ। ਕੁਦਰਤ ਪੁਰਾਣੇ ਰੂਪ ਨੂੰ ਛੱਡ ਕੇ ਨਵੇਂ ਰੂਪ ਵਿਚ ਆਉਂਦੀ ਹੈ ਅਤੇ ਪੂਰੀ ਸ੍ਰਿਸਟੀ ਸ਼ਿੰਗਾਰੀ ਜਾਂਦੀ ਹੈ। ਇਸ ਦੇ ਨਾਲ ਹੀ ਪਾਲੇ ਦੀ ਰੁਤ ਵੀ ਜਾਣ ਦੀ ਤਿਆਰੀ ਵਿਚ ਹੁੰਦੀ ਹੈ ਮੌਸਮ ਦਾ ਬਦਲਾਅ ਹਰ ਪਾਸੇ ਵੇਖਣ ਨੂੰ ਮਿਲਦਾ ਹੈ। ਕੁਦਰਤ ਦੀ ਇਸ ਨਵੀਂ ਰੰਗਤ ਨੂੰ ਵੇਖ ਵੇਖ ਕੇ ਹਿਰਦਾ ਪਰਫੁੱਲਿਤ ਹੋ ਉਠਦਾ ਹੈ।

ਕੁਝ ਇਸੇ ਤਰ੍ਹਾਂ ਉਸ ਵੇਲੇ ਮੁਲਕ ਦੀ ਅਤੇ ਖਾਸ ਕਰਕੇ ਪੰਜਾਬ ਦੀ ਹਾਲਤ ਸੀ। ਪੂਰੇ ਮੁਲਕ ਵਿਚ ਅੰਗਰੇਜ਼ਾਂ ਦਾ ਰਾਜ ਕਾਇਮ ਹੋ ਚੁੱਕਾ ਸੀ ਅਤੇ ਪੰਜਾਬ ਵਿਚ ਵੀ ਸਿਖ ਰਾਜ ਸਮਾਪਤ ਹੋ ਚੁੱਕਾ ਸੀ। ਇਸ ਸਿਖ ਰਾਜ ਦਾ ਜੋ ਬੁਰਾ ਹਾਲ ਹੋਇਆ ਉਸ ਨੂੰ ਵੇਖ ਕੇ ਇਕ ਵਾਰੀ ਤਾਂ ਮਨ ਇਹ ਸੋਚਣ ਨੂੰ ਮਜ਼ਬੂਰ ਹੋ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਆਪਣੇ ਮਿਆਰ ਤੋਂ, ਆਪਣੇ ਅਸੂਲਾਂ ਤੋਂ ਕਿਤਨਾ ਗਿਰ ਚੁਕਾ ਸੀ। ਉਸ ਲਈ ਅਸੂਲ, ਸਿੱਖੀ ਸਿਧਾਂਤ ਕੁਝ ਵੀ ਨਹੀਂ ਸਨ। ਮਹਾਰਾਜਾ ਰਣਜੀਤ ਸਿੰਘ ਦੇ ਸਿਖ ਰਾਜ ਨੇ ਸੱਤਾਂ ਵਿਚ ਆਉਣ ਤੋਂ ਬਾਅਦ ਉਹਨਾਂ ਸਾਰੇ ਅਵਗੁਣਾਂ ਨੂੰ ਆਪਣਾ ਲਿਆ ਸੀ ਜਿਹੜੇ ਹੋਰ ਰਾਜੇ ਰਜਵਾੜੇ ਵਿਚ ਹੁੰਦੇ ਸਨ। ਜਰ, ਜੋਰੂ ਜਮੀਨ ਪਿਛੇ ਸਾਰਾ ਰਾਜ ਖੇਰੂੰ ਖੇਰੂੰ ਹੋ ਗਿਆ। ਰਣਜੀਤ ਸਿੰਘ ਦੇ ਖੁਦ ਸਿਖੀ ਸਿਧਾਂਤਾਂ ਤੋਂ ਡਿਗਦੇ ਸਾਰ ਸਾਰਾ ਸਿਖ ਰਾਜ ਤਾਸ਼ ਦੇ ਪੱਤਿਆਂ ਵਾਂਗ ਤਬਾਹ ਹੋ ਗਿਆ। ਨਾ ਕੋਈ ਉਤਰਾਧਿਕਾਰੀ ਲਾਇਕ ਸੀ ਨਾ ਹੀ ਅਧੀਕਾਰੀ ਵਫਾਦਾਰ ਸਨ। ਮੌਕਾ ਮਿਲਦਾ ਹੀ ਸਾਰੇ ਆਪੋ ਆਪਣੀ ਕਰਦੇ ਸਨ। ਜੇਹੜੀ ਸਿਖੀ ਅਤੇ ਸਿਧਾਂਤਾਂ ਬਾਰੇ ਆਮ ਲੋਕੀਂ ਕਸਮਾਂ ਖਾਇਆ ਕਰਦੇ ਸਨ, ਉਹ ਸਿਖੀ ਅਲੋਪ ਹੋ ਚੁਕੀ ਸੀ। ਪੂਰੇ ਪੰਜਾਬ ਵਿਚ ਸ਼ਰਾਬ, ਮਾਸ ਅਤੇ ਨਾਚ ਮੁਜਰੇ ਆਮ ਹੋ ਚੁਕੇ ਸਨ ਅਤੇ ਇਸੇ ਵਿਚ ਸਿਖ ਅਹੁਦੇਦਾਰ, ਸਿਖ ਰਈਸ਼ ਆਪਣੀ ਸ਼ਾਨ ਤੇ ਤਾਕਤ ਸਮਝਦੇ ਸਨ। ਗੁਰਦੁਆਰੇ ਆਮ ਮਹੰਤਾਂ ਕੋਲ ਸਨ ਜਿਹੜੇ ਸਿਖੀ ਅਸੂਲਾਂ ਤੋਂ ਆਪ ਹੀ ਪਤਿਤ ਸਨ ਤਾਂ ਫਿਰ ਉਹ ਆਮ ਸਿਖ ਜਨਤਾ ਨੂੰ ਕੀ ਉਪਦੇਸ਼ ਕਰ ਸਕਦੇ ਸਨ। ਇਕ ਦੂਜੇ ਨੂੰ ਨੀਵਾਂ ਵਿਖਾਣ ਵਾਸਤੇ ਸ਼ਰਾਬ ਦੀ ਪਾਰਟੀ, ਮਾਂਸ ਦੀ ਮਹਿਫਿਲ ਅਤੇ ਨਾਚ ਦਾ ਰਾਗ-ਰੰਗ ਵਧਦਾ ਜਾ ਰਿਹਾ ਸੀ। ਸਾਈਂ ਦਾ ਡਰ ਨਹੀਂ ਸੀ। ਮੁਸਲਮਾਨੀ ਪਹਿਰਾਵਾ ਆਮ ਸਿਖ ਘਰਾਂ ਵਿਚ ਵਧਦਾ ਜਾ ਰਿਹਾ ਸੀ।

ਉਸ ਵੇਲੇ ਸਤਿਗੁਰੂ ਰਾਮ ਸਿੰਘ ਜੀ ਨੇ ਸਿੰਘਾਂ ਨੂੰ ਮੁੜ ਪਟੜੀ ਤੇ ਲਿਆਉਣ ਦਾ ਸਭ ਤੋਂ ਕਠਿਨ ਕੰਮ ਹੱਥ ਵਿਚ ਲਿਆ। ਅੰਧਵਿਸ਼ਵਾਸੀਆਂ ਨੇ ਤਾਂ ਵਿਰੋਧ ਕਰਨਾ ਹੀ ਸੀ, ਮਹੰਤਾਂ ਨੇ ਵੀ ਆਪ ਨੂੰ ਕੁਰਾਹਿਆ ਆਖਣਾ ਹੀ ਸੀ, ਅੰਗਰੇਜ਼ਾਂ ਨੇ ਵੀ ਟੇਡੀ ਅੱਖ ਕਰਨੀ ਹੀ ਸੀ। ਪਰ ਸਤਿਗੁਰੂ ਰਾਮ ਸਿੰਘ ਜੀ ਨੇ ਸੱਚ ਅਤੇ ਸੁੱਚ ਦੇ ਸਭ ਤੋਂ ਔਖੇ ਕੰਮ ਨੂੰ ਹੱਥ ਵਿਚ ਲਿਆ ਅਤੇ ਪੂਰੀ ਤਾਕਤ ਨਾਲ ਸਿਰੇ ਚੜ੍ਹਾਇਆ। ਗਿਆਨੀ ਕਾਹਨ ਸਿੰਘ ਨਾਭਾ ਵਾਲੇ ਬੜੇ ਹੀ ਸੁੰਦਰ ਸ਼ਬਦਾਂ ਵਿਚ ਉਸ ਵੇਲੇ ਦਾ ਵਰਨਣ ਕਰਦੇ ਹਨ :

*ਵਿਸ਼ੈ ਅਗਨਿ ਕਰ ਤਪਤ ਰਿਦੈ*
*ਜਿਨ ਨਾਮਾਮ੍ਰਤ ਦੇ ਤਾਰੇ।*
*ਗੁਰੂਮਤ ਦੇ ਅਨੁਕਾਮੀ ਕੀਤੇ*
*ਪਾਮਰ ਪਾਪੀ ਸਾਰੇ।*
*ਭੰਗ, ਸ਼ਰਾਬ, ਅਫੀਮ*
*ਛੁੜਾ ਕੇ ਨਸ਼ਾ ਪ੍ਰੇਮ ਦਾ ਦਿੱਤਾ।*
*ਭੰਗ ਖਾਣ ਨੂੰ ਖੰਡਨ ਕੀਤਾ,*
*ਦਸ ਪ੍ਰੇਮ ਦਾ ਦਿੱਤਾ।*
*ਫੁਟ, ਈਰਖਾ, ਵੈਰਭਾਅ*
*ਅਰ ਨਫਰਤ ਮਨੋ ਹਟਾਈ।*
*ਮੁਦਿਤਾ, ਮੈਤਰੀ, ਕਰੁਣਾ*
*ਦਰਿੜ ਕਰ ਸਿਖਾਂ ਚਿਤ ਵਸਾਈ।*
*ਭੁਖਾ, ਨੰਗਾ ਰੋਗੀ,*
*ਸੋਗੀ ਜੋ ਸਰਣੀ ਚਲ ਆਵੈ।*
*ਹੋਏ ਤ੍ਰਿਪਤ ਅਰ ਪਰਮ ਆਨੰਦੀ*
*ਜੀਵਨ ਸਰਨ ਬਿਤਾਵੈ।*
*ਸਿਖੀ ਬਾਗ ਖਿਜਾਂ ਜਦ ਗ੍ਰਸਿਆ,*
*ਭਐ ਪਤਰ ਬਿਨ ਸਾਇਆ।*
*ਰੂਪ ਬਸੰਤ ਧਾਰ ਕੇ ਬਾਬਾ*
*ਦਿਨ ਬਸੰਤ ਨੂੰ ਆਇਆ।*

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੋਂ ਪਹਿਲਾਂ ਪੰਜਾਬ ਵਿਚ ਭੰਗ, ਅਫੀਮ, ਸ਼ਰਾਬ ਆਦਿ ਨਸ਼ਿਆਂ ਦਾ ਕਾਫੀ ਪ੍ਰਚਲਨ ਸੀ। ਜ਼ਾਹਿਰ ਹੈ ਜਦੋਂ ਪੰਜਾਬ ਵਿਚ ਇਸ ਤਰ੍ਹਾਂ ਦੇ ਨਸ਼ਿਆਂ ਦਾ ਖੁਲਾ ਪਸਾਰਾ ਹੋਵੇਗਾ ਤਾਂ ਸਿਖੀ ਅਤੇ ਸਿਧਾਂਤਾਂ ਦੀ ਗਲ ਕਿਸ ਕਰਨੀ ਸੀ। ਇਹਨਾਂ ਨਸ਼ਿਆਂ ਦੇ ਨਾਲ ਵੈਰ ਵਿਰੋਧ, ਈਰਖਾ ਨੇ ਵੀ ਆਪਣਾ ਕੰਮ ਕਰਨਾ ਸੀ।

ਇਸ ਵੇਲੇ ਤਕ ਔਰਤ ਨੂੰ ਕੇਵਲ ਰਾਗ-ਰੰਗ ਦੀ ਇਕ ਵਸਤੂ ਹੀ ਸਮਝਿਆ ਗਿਆ ਸੀ। ਖੁਦ ਮਹਾਰਾਜਾ ਰਣਜੀਤ ਸਿੰਘ ਇਹਨਾਂ ਚੀਜ਼ਾਂ ਦਾ ਬਹੁਤ ਸ਼ੌਕੀਨ ਸੀ। ਜਦੋਂ ਅਸੀਂ ਇਹਨਾਂ ਚੀਜਾਂ ਦੇ ਰਸੀਏ ਬਣ ਜਾਵਾਂਗੇ ਤਾਂ ਸਿਖੀ ਅਸੂਲਾਂ ਦੀ ਗਲ ਔਖੀ ਹੋ ਜਾਂਦੀ ਹੈ। ਜਦ ਰਾਤ ਦੇ 2-3 ਵਜੇ ਤਕ ਨਾਚ-ਗਾਣਿਆਂ ਵਿਚ ਮਸਤੀ ਹੋਵੇਗੀ ਤਾਂ 4-5 ਵਜੇ ਬਾਣੀ ਦੀ ਗਲ ਕਿਵੇਂ ਹੋ ਪਾਏਗੀ। ਪੁਰਸ਼ ਪ੍ਰਧਾਨ ਸਮਾਜ ਵਿਚ ਔਰਤ ਹਮੇਸ਼ਾਂ ਦੋਅਮ ਦਰਜ਼ੇ ਦੀ ਸਮਝੀ ਜਾਂਦੀ ਰਹੀ ਹੈ। ਪਰ ਜਦੋਂ ਸਤਿਗੁਰੂ ਰਾਮ ਸਿੰਘ ਜੀ ਸੱਚ ਅਤੇ ਸੁੱਚ ਦੀ ਗੱਲ ਤੇ ਪਹਿਰੇਦਾਰੀ ਦੇਣੀ ਸ਼ੁਰੂ ਕੀਤੀ ਤਾਂ ਔਰਤ ਦੀ ਬਰਾਬਰੀ ਵੀ ਬਹੁਤ ਜ਼ਰੂਰੀ ਹੋ ਗਈ। ਕਿਉਂਕਿ ਔਰਤ ਦੀ ਬਰਾਬਰੀ ਤੋਂ ਬਿਨਾਂ ਇਹਨਾਂ ਅਸੂਲਾਂ ਤੇ ਪਹਿਰੇਦਾਰੀ ਅਧੀ ਅਧੂਰੀ ਮੰਨੀ ਜਾਵੇਗੀ। ਮੁਲਕ ਵਿਚ ਔਰਤ ਦੀ ਹਾਲਤ ਬਹੁਤ ਘਟੀਆ ਸੀ। ਪਰ ਸਤਿਗੁਰੂ ਜੀ ਨੇ ਆਪਣੇ ਰਹਿਤਨਾਮੇ ਵਿਚ ਇਸ ਗੱਲ ਤੇ ਬਹੁਤ ਜ਼ੋਰ ਦਿੱਤਾ ਕਿ ਪਰਾਈ ਧੀ ਭੈਣ ਨੂੰ ਆਪਣੀ ਧੀ ਭੈਣ ਸਮਝਣਾ। ਧੀ ਭੈਣ ਦਾ ਪੈਸਾ ਨਹੀਂ ਲੈਣਾ ਅਤੇ ਬਦਲੇ ਦਾ ਰਿਸ਼ਤਾ ਯਾਨੀ ਕੁੜੀ ਲੈ ਕੇ ਕੁੜੀ ਦੇਣਾ ਦਾ ਕੰਮ ਨਹੀਂ ਕਰਨਾ।

ਸਮਾਜ ਵਿਚ ਸਾਰੀ ਬੁਰਾਈ ਔਰਤ ਤੋਂ, ਉਸ ਲਈ ਜਾਂ ਉਸ ਦੇ ਪਿਛੇ ਸ਼ੁਰੂ ਹੁੰਦੀ ਹੈ। ਇਸ ਪਿਛੇ ਸਾਮਰਾਜ ਤਬਾਹ ਹੋ ਜਾਂਦੇ ਹਨ, ਧਰਤੀ ਖੂਨੋ ਖੂਨ ਹੋ ਜਾਂਦੀ ਹੈ। ਤਿਸ ਕਿਉ ਮੰਦਾ ਆਖੀਐ ਜਿਤ ਜੰਮੇ ਰਾਜਾਨ - ਗੁਰੂ ਨਾਨਕ ਸਾਹਿਬ ਦੇ ਇਸ ਵਾਕ ਨੂੰ ਹੁਣ ਸਿਖਾਂ ਨੇ ਮਜ਼ਾਕ ਬਣਾ ਲਿਆ। ਨਹੀਂ ਤਾਂ ਜੇ ਰਣਜੀਤ ਸਿੰਘ ਸਿਖੀ ਅਸੂਲਾਂ ਤੇ ਪਹਿਰਾ ਦਿੰਦਾ ਅਤੇ ਧਰਮ ਵਿਚ ਹਿੰਦੂ ਰਾਣੀਆਂ ਦੇ ਨਾਲ ਮੁਸਲਿਮ ਨਾਜਿਆਂ ਦੀ ਭੀੜ ਨਾ ਹੋ ਪਾਂਦੀ ਤਾਂ ਇਤਿਹਾਸ ਦੀ ਰੰਗ ਹੀ ਹੋਰ ਹੁੰਦੀ।

ਸਤਿਗੁਰੂ ਜੀ ਨੇ ਸਮਾਜ ਦੀ ਇਸ ਸਭ ਤੋਂ ਖਤਰਨਾਕ ਬੁਰਾਈ ਵਲ ਸਭ ਤੋਂ ਪਹਿਲਾਂ ਧਿਆਨ ਦਿੱਤਾ। ਗੁਰੂ ਅਮਰਦਾਸ ਜੀ ਨੇ ਆਖਿਆ ਕਿ ਪਤੀ ਨਾਲ ਸੜ ਮਰਨ ਨੂੰ ਸਤੀ ਨਹੀਂ ਆਖਿਆ ਜਾਂਦਾ ਸਗੋਂ ਸਤੀ ਤਾਂ ਉਸ ਨੂੰ ਕਿਹਾ ਜਾਂਦਾ ਹੈ ਜਿਹੜੀਆਂ ਵਿਰਹ ਦੀ ਸੱਟ ਨੂੰ ਸਹਿੰਦੀਆਂ ਹੋਈਆਂ ਸੀਲ ਸੰਤੋਖ ਵਿਚ ਰਹਿੰਦੀਆਂ ਹਨ। ਸਤਿਗੁਰੂ ਜੀ ਨੇ ਵਿਧਵਾ ਵਿਆਹ ਤੇ ਜ਼ੋਰ ਦਿੱਤਾ। ਆਪ ਜੀ ਦਾ ਵਿਚਾਰ ਸੀ ਕਿ ਜੇ ਆਦਮੀ ਦੂਸਰਾ ਵਿਆਹ ਕਰ ਸਕਦਾ ਹੈ ਤਾਂ ਔਰਤ ਕਿਉਂ ਨਹੀਂ ਦੂਸਰਾ ਵਿਆਹ ਕਰ ਸਕਦੀ। ਹਾਲਾਂ ਕਿ ਇਸ ਵਿਚਾਰ ਨੂੰ ਪੂਰਾ ਕਰਨਾ ਬਹੁਤ ਔਖਾ ਕੰਮ ਸੀ ਪਰ ਸਤਿਗੁਰੂ ਜੀ ਨੇ ਇਸ ਗੱਲ ਨੂੰ ਵਿਧਵਾ ਵਿਆਹ ਨੂੰ ਪੂਰੀ ਤਾਕਤ ਨਾਲ ਪ੍ਰਚਲਤ ਕੀਤਾ। ਇਸ ਤਰ੍ਹਾਂ ਔਰਤ ਨੂੰ ਨਰਕ ਵਿਚ ਰਹਿਣ ਦੀ ਥਾਂ ਦੂਸਰੀ ਵਾਰ ਗ੍ਰਹਸਤ ਜੀਵਨ ਨੂੰ ਭੋਗਣ ਦਾ ਸਮਾਂ ਮਿਲ ਜਾਂਦਾ ਸੀ। ਉਸ ਵੇਲੇ ਤਕ ਵਿਧਵਾ ਵਿਆਹ ਦਾ ਕਾਨੂੰਨ ਤਾਂ ਬਣ ਚੁਕਾ ਸੀ ਪਰ ਇਸ ਤੇ ਅਮਲ ਬਹੁਤ ਔਖੀ ਜੇਹੀ ਗੱਲ ਸੀ। ਸਭ ਤੋਂ ਭਿਆਨਕ ਹਾਲਾਤ ਬੰਗਾਲ ਦੇ ਸਨ। ਉਥੇ ਹਜ਼ਾਰਾਂ ਔਰਤਾਂ ਜਬਰਦਸਤੀ ਪਤੀਆਂ ਦੀ ਮੌਤ ਤੋਂ ਬਾਅਦ ਨਾਲ ਸਾੜ ਦਿੱਤੀਆਂ ਜਾਂਦੀਆਂ ਸਨ ਅਤੇ ਨਾਲ ਸੜਨ ਦਾ ਡ੍ਰਾਮਾ ਵੀ ਬੜੀ ਜ਼ੋਰ ਸ਼ੋਰ ਨਾਲ ਕੀਤਾ ਜਾਂਦਾ ਸੀ। ਵਿਧਵਾ ਔਰਤਾਂ ਨੂੰ ਸ਼ਿੰਗਾਰਿਆ ਜਾਂਦਾ, ਜਲੂਸ ਕਢਿਆ ਜਾਂਦਾ, ਸ਼ਹਨਾਈਆਂ ਅਤੇ ਢੋਲ ਵਜਾਏ ਜਾਂਦੇ। ਫਿਰ ਉਹਨਾਂ ਨੂੰ ਪਤੀ ਦੀ ਚਿਤਾ ਤੇ ਬਿਠਾ ਦਿੱਤਾ ਜਾਂਦਾ।

ਸਤਿਗੁਰੂ ਜੀ ਦਾ ਵਿਧਵਾ ਵਿਆਹ ਦਾ ਫੈਸਲਾ ਇਕ ਕ੍ਰਾਂਤੀਕਾਰੀ ਕਦਮ ਸੀ। ਹਾਲਾਂਕਿ ਇਸ ਕੰਮ ਦੀ ਵਿਰੋਧਤਾ ਵੀ ਬਹੁਤ ਹੋਈ ਪਰ ਸਤਿਗੁਰੂ ਜੀ ਨੂੰ ਇਸ ਵਿਚ ਬਹੁਤ ਕਾਮਯਾਬੀ ਮਿਲੀ।

ਪਿਛਲੇ ਦਿਨੀਂ ਇਕ ਭਰੂਣ ਹੱਤਿਆ ਪ੍ਰੋਗਰਾਮ ਵਿਚ ਜਾਣਾ ਪਿਆ। ਜਦ ਮੈਂ ਉਹਨਾਂ ਨੂੰ ਸਤਿਗੁਰੂ ਜੀ ਵਲੋਂ ਚਲਾਏ ਗਏ ਨਾਰੀ ਜਾਗ੍ਰਿਤੀ ਪ੍ਰੋਗਰਾਮ ਬਾਰੇ ਦੱਸਿਆ ਤਾਂ ਉਹ ਸੁਣ ਕੇ ਹੈਰਾਨ ਰਹਿ ਗਏ। ਜਦੋਂ ਮੈਂ ਉਹਨਾਂ ਨੂੰ ਸਤਿਗੁਰੂ ਜੀ ਦੇ ਹੁਕਮਨਾਮੇ ਸੁਣਾਏ ਤਾਂ ਉਹਨਾਂ ਨੇ ਇਸ ਗੱਲ ਤੇ ਹੈਰਾਨੀ ਜ਼ਾਹਿਰ ਕੀਤੀ ਕਿ ਉਹਨਾਂ ਨੂੰ ਇਸ ਗੱਲ ਦਾ ਪਹਿਲਾਂ ਪਤਾ ਕਿਉਂ ਨਹੀਂ ਲੱਗਾ। ਉਹਨਾਂ ਪ੍ਰਾਰਥਨਾ ਕੀਤੀ ਕਿ ਇਹ ਸਾਰੇ ਹੁਕਮਨਾਮੇ ਜਿਹਨਾਂ ਵਿਚ ਭਰੂਣ ਹੱਤਿਆ ਦਾ ਨਿਸ਼ੇਧ, ਲੜਕੀਆਂ ਦੀ ਪੜ੍ਹਾਈ, ਵੱਟੇ ਦੇ ਰਿਸ਼ਤਿਆਂ ਦੀ ਮਨਾਹੀ ਆਦਿਕ ਸਾਨੂੰ ਹਿੰਦੀ ਵਿਚ ਕਰਵਾ ਕੇ ਉਹਨਾਂ ਨੂੰ ਦਿੱਤੇ ਜਾਣ।

ਦੁਨੀਆਂ ਦੇ ਇਤਿਹਾਸ ਵੇਖਣ ਤੇ ਪਤਾ ਚਲਦਾ ਹੈ ਕਿ ਉਸ ਵੇਲੇ ਦੁਨੀਆਂ ਦੇ ਕਿਸੇ ਕੋਨੇ ਵਿਚ ਨਾਰੀ ਸਮਾਨਤਾ ਦੀ ਗੱਲ ਨਹੀਂ ਸੀ। ਜਰਮਨੀ ਵਿਚ ਈਸਾਈਤ (ਕੈਥੋਲਿਕ) ਦੀ ਦਾਦਾਗਿਰੀ ਦੇ ਖਿਲਾਫ ਲੜਾਈ ਚਲ ਰਹੀ ਸੀ। ਅਮਰੀਕਾ ਵਿਚ ਤਾਂ ਕਾਲੇ-ਗੋਰੇ ਦੀ ਲੜਾਈ ਅਤੇ ਦਾਸ ਪ੍ਰਥਾ ਦੇ ਵਿਰੁੱਧ ਲੜਾਈ ਜ਼ੋਰਾਂ ਤੇ ਸੀ। ਮੁਸਲਮਾਨੀ ਦੁਨੀਆਂ ਵਿਚ ਖਲੀਫਾਸ਼ਾਹੀ ਚਲ ਰਹੀ ਸੀ। ਔਰਤ ਘਰ ਦੀ ਚਾਰ ਦਿਵਾਰੀ ਵਿਚ ਕੈਦ ਸੀ, ਉਸ ਨੂੰ ਮਸਜਿਦ ਵਿਚ ਜਾਣ ਦੀ ਮਨਾਹੀ ਸੀ। ਸਾਰਾ ਸਰੀਰ ਕਪੜੇ ਨਾਲ ਢਕਣ ਦੇ ਹੁਕਮ ਸਨ। ਅੱਜ ਵੀ ਇਹਨਾਂ ਵਿਚੋਂ ਬਹੁਤ ਸਾਰੇ ਹੁਕਮ ਲਾਗੂ ਹਨ। ਪਰ ਸਿਖ ਧਰਮ ਅਤੇ ਖਾਸ਼ਕਰ ਨਾਮਧਾਰੀ ਸਮਾਜ ਵਿਚ ਸਭ ਤੋਂ ਪਹਿਲਾਂ ਬਰਾਬਰੀ ਦੀ ਗਲ ਹੀ ਨਹੀਂ ਕੀਤੀ ਸਗੋਂ ਉਸਨੂੰ ਲਾਗੂ ਵੀ ਕਰਕੇ ਵਿਖਾ ਦਿੱਤਾ। ਅਸਲ ਵਿਚ ਵੇਖਿਆ ਜਾਏ ਤਾਂ ਇਹ ਕੰਮ ਬਹੁਤ ਹੀ ਕਠਿਨ ਕੰਮ ਹੈ। ਹਾਲਾਂ ਕਿ ਵੇਦਾਂ ਵਿਚ ਲਿਖਿਆ ਹੋਇਆ ਹੈ :

*ਯਤਰ ਨਾਰੀਅਸੁ ਪੂਜੰਤੇ*
*ਰਮੰਤੇ ਤਤਰ ਦੇਵਤਾ।*

ਜਿਥੇ ਨਾਰੀ ਦੀ ਪੂਜਾ ਹੁੰਦੀ ਹੈ ਉਥੇ ਦੇਵਤਾਵਾਂ ਦਾ ਵਾਸ ਹੁੰਦਾ ਹੈ। ਦੇਵਤਾ ਉਹ ਲੋਕ ਹੁੰਦੇ ਹਨ ਜੋ ਸਾਤਵਿਕ ਵਿਚਾਰਧਾਰਾ ਦੇ ਹੁੰਦੇ ਹਨ ਪਰ ਹੁੰਦਾ ਰਿਹਾ ਉਸਦੇ ਉਲਟ। ਔਰਤ ਕੇਵਲ ਤੇ ਕੇਵਲ ਭੋਗ ਦੀ ਵਸਤੂ ਸਮਝੀ ਗਈ। ਇਥੇ ਹੀ ਭਾਰਤੀ ਸਮਾਜ ਗਲਤੀ ਕਰ ਗਿਆ। ਸਤਿਗੁਰੂ ਰਾਮ ਸਿੰਘ ਜੀ ਨੇ ਇਸ ਬੁਰਾਈ ਦੀ ਜੜ ਤੇ ਵਾਰ ਕੀਤਾ ਅਤੇ ਪੂਰੀ ਤਾਕਤ ਨਾਲ ਵਿਧਵਾ ਵਿਆਹ ਜਾਂ ਪੁਨਰ ਵਿਆਹ ਕਰਵਾਏ। ਬ੍ਰਾਹਮਣਾ ਨੇ ਇਸ ਨੂੰ ਸ਼ਾਸਤਰਾਂ ਦੇ ਵਿਰੁੱਧ ਦਸ ਕੇ ਵਿਰੋਧ ਕੀਤਾ। ਪਰ ਇਹ ਵਿਧਵਾ ਵਿਆਹ ਉਸ ਸਮੇਂ ਦੀ ਮੰਗ ਸੀ ਅਤੇ ਸਤਿਗੁਰੂ ਜੀ ਨੇ ਸਮੇਂ ਦੀ ਨਬਜ਼ ਨੂੰ ਪਹਿਚਾਣਿਆ।

ਔਰਤਾਂ ਲਈ ਸਿਖਿਆ ਦਾ ਪ੍ਰਬੰਧ ਕਰਨ ਵਾਲੇ ਦੁਨੀਆਂ ਵਿਚ ਸਤਿਗੁਰੂ ਰਾਮ ਸਿੰਘ ਜੀ ਪਹਿਲੇ ਗੁਰੂ, ਪੀਰ, ਮਹਾਂਪੁਰਸ਼ ਅਤੇ ਸਮਾਜ ਸੁਧਾਰਕ ਆਖੇ ਜਾ ਸਕਦੇ ਹਨ। ਮਾਂ ਦੀ ਪੜ੍ਹਾਈ, ਵਿਹਾਰ ਅਤੇ ਗੁਣਾਂ ਦਾ ਪਹਿਲਾ ਪ੍ਰਭਾਵ ਬੱਚੇ ਤੇ ਪੈਂਦਾ ਹੈ। ਵੇਦਾਂ ਵਿਚ ਲਿਖਿਆ ਹੈ ਕਿ ਗਾਂ ਨੂੰ ਮਾਰਨ ਦਾ ਅਪਰਾਧ ਪਾਪ ਹੀ ਨਹੀਂ ਬਲਕਿ ਮਾਫ਼ ਨਾ ਕਰਨ ਦੇ ਕਾਬਿਲ ਹੈ ਯਾਨੀ ਕਿ ਗਾਂ ਨੂੰ ਮਾਰਨ ਦਾ ਅਪਰਾਧ ਸਭ ਤੋਂ ਵਡਾ ਪਾਪ ਹੈ। ਸਤਿਗੁਰੂ ਜੀ ਨੇ ਕੁੜੀ ਨੂੰ ਮਾਰਨਾ ਵੀ ਗਊ ਹੱਤਿਆ ਦੇ ਬਰਾਬਰ ਮੰਨਿਆ। ਉਸ ਜ਼ਮਾਨੇ ਵਿਚ ਵਡੇ ਵਡੇ ਸਿੱਖ, ਰਈਸ ਜੰਮਦੇ ਹੀ ਕੁੜੀਆਂ ਨੂੰ ਮਾਰ ਦਿੰਦੇ ਸਨ। ਪੰਜਾਬ ਵਿਚ ਇਹ ਬਹੁਤ ਵਡੀ ਬੁਰਾਈ ਸੀ। ਚਾਹੇ ਇਸ ਪਿਛੇ ਹੋਰ ਵੀ ਕਈ ਕਾਰਨ ਮੰਨੇ ਜਾ ਸਕਦੇ ਹਨ। ਸਤਿਗੁਰੂ ਜੀ ਦੇ ਇਸ ਕਦਮ ਨੇ ਕ੍ਰਾਂਤੀਕਾਰੀ ਪ੍ਰਭਾਵ ਦਿਖਾਇਆ। ਲੜਕੇ ਲੜਕੀਆਂ ਦੀ ਉਮਰ ਵੀ ਤੈਅ ਕਰਨ ਨਾਲ ਬਾਲ ਵਿਆਹ ਵਿਚ ਬੜੀ ਭਾਰੀ ਗਿਰਾਵਟ ਆਈ। ਸਤਿਗੁਰੂ ਜੀ ਨੇ ਪ੍ਰਚਾਰਿਆ ਕਿ ਵਿਆਹ ਦੀ ਉਮਰ ਉਹ ਹੋਣੀ ਚਾਹੀਦੀ ਹੈ ਜਦੋਂ ਬੱਚੇ ਬੱਚੀ ਨੂੰ ਵਿਆਹ ਦੀ ਸਮਝ ਹੋਵੇ ਜਾਂ ਦੋਨੋਂ ਇਸ ਲਾਇਕ ਹੋਣ। ਇਸ ਕਾਰਨ ਪੰਜਾਬ ਵਿਚ ਬਾਲ ਵਿਆਹ ਰੁਕ ਗਏ। ਸਰਕਾਰ ਨੇ ਅੱਜ ਚਾਹੇ ਬਾਲ ਵਿਆਹ ਨੂੰ ਰੋਕਣ ਵਾਸਤੇ ਕਾਨੂੰਨ ਬਣਾ ਦਿੱਤਾ ਹੈ ਪਰ ਅੱਜ ਵੀ ਰਾਜਸਥਾਨ, ਬਿਹਾਰ, ਉਤਰ ਪ੍ਰਦੇਸ ਅਤੇ ਹੋਰ ਸੂਬਿਆਂ ਵਿਚ ਇਹ ਬੁਰਾਈ ਚਾਲੂ ਹੈ।

ਸਤਿਗੁਰੂ ਰਾਮ ਸਿੰਘ ਜੀ ਨਾਰੀ ਸਮਾਨਤਾ ਦੇ ਬਹੁਤ ਵਡੇ ਪੈਰੋਕਾਰ ਸਨ। ਆਪ ਜੀ ਨੇ ਉਸ ਵੇਲੇ ਸਥਾਪਿਤ ਠੇਕੇਦਾਰਾਂ ਦੀ ਪਰਵਾਹ ਨਹੀਂ ਕੀਤੀ। ਪਰਵਾਹ ਕਰਨ ਵਾਲੇ ਕਿਸੇ ਵੀ ਨਵੀਂ ਕ੍ਰਾਂਤੀਕਾਰੀ ਪ੍ਰੰਪਰਾ ਦੀ ਸ਼ੁਰੂਆਤ ਨਹੀਂ ਕਰ ਸਕਦੇ। ਉਸ ਵੇਲੇ ਪੂਰੀ ਦੁਨੀਆਂ ਵਿਚ ਇਸ ਪੰਪ੍ਰਰਾ ਨੂੰ ਸ਼ੁਰੂ ਕਰਨ ਵਾਲੇ, ਨਾਰੀ ਸਮਾਨਤਾ, ਨਾਰੀ ਸਿਖਿਆ, ਪੁਨਰ ਵਿਆਹ ਦੀ ਆਵਾਜ਼ ਚੁਕਣ ਵਾਲੇ ਸ਼੍ਰੋਮੋਣੀ ਸਮਾਜ ਸੁਧਾਰਕ ਆਖੇ ਜਾ ਸਕਦੇ ਹਨ। ਅਜ ਵੀ ਜਿਤਨਾ ਸਨਮਾਨ ਨਾਰੀ ਜਾਤੀ ਦਾ ਨਾਮਧਾਰੀ ਸਮਾਜ ਵਿਚ ਹੁੰਦਾ ਹੈ ਹੋਰ ਕਿਤੇ ਨਹੀਂ ਹੁੰਦਾ। ਨਾਲ ਹੀ ਅੱਜ ਜਿਹੜੀ ਨਾਰੀ ਸੁਤੰਤਰਤਾ ਅਤੇ ਕੁੜੀਆਂ ਨੂੰ ਪੜ੍ਹਾਉਣ ਦੀ ਗੱਲ ਸਰਕਾਰੀ ਤੌਰ ਤੇ ਕੀਤੀ ਜਾ ਰਹੀ ਹੈ ਉਹ ਤਾਂ ਸਤਿਗੁਰੂ ਜੀ ਡੇਢ ਸੋ ਸਾਲ ਪਹਿਲਾਂ ਹੀ ਕਰ ਗਏ ਹਨ। ਅੱਜ ਜੇ ਭਾਰਤੀ ਸਮਾਜ ਅਤੇ ਸਰਕਾਰ ਸਤਿਗੁਰੂ ਜੀ ਦੇ ਦੱਸੇ ਗਏ ਮਾਰਗ ਤੇ ਚਲਣ ਲਈ ਕਟਿਬਧ ਹੋ ਜਾਏ ਤਾਂ ਭਾਰਤ ਵਿਚ ਇਕ ਵਧੀਆ ਤੇ ਸੁੰਦਰ ਸਮਾਜ ਦੀ ਸਥਾਪਨਾ ਹੋ ਸਕਦੀ ਹੈ। ■

# ਪ੍ਰਵਚਨ

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਸਾਡਾ ਸਾਰਾ ਕੁਝ ਸ੍ਰੀ ਭੈਣੀ ਸਾਹਿਬ ਹੈ



*ਸ੍ਰੀ ਭੈਣੀ ਸਾਹਿਬ ਆ ਕੇ ਸਾਡਾ ਧਿਆਨ ਇਸ ਪਾਸੇ ਜਾਂਦਾ ਹੈ ਕਿ ਸਾਡਾ ਰਹਿਣ ਵਾਲਾ ਥਾਂ ਚੰਗਾ ਹੋਣਾ ਚਾਹੀਦਾ ਹੈ। ਰਹਿਣ ਵਾਲਾ ਜੇ ਥਾਂ ਚਾਹੀਦਾ ਹੈ ਉਸ ਵਾਸਤੇ ਸਤਿਗੁਰੂ ਜੀ ਨੇ ਹੁਕਮ ਕੀਤਾ ਹੈ :*

**ਰਾਰਾ ਰੰਗਹੁ ਇਆ ਮਨੁ ਅਪਨਾ।। ਹਰਿ ਹਰਿ ਨਾਮੁ ਜਪਹੁ ਜਪੁ ਰਸਨਾ।।**
**ਰੇ ਰੇ ਦਰਗਹ ਕਹੈ ਨ ਕੋਊ।। ਆਉ ਬੈਠੁ ਆਦਰੁ ਸੁਭ ਦੇਊ।।**
**ਉਆ ਮਹਲੀ ਪਾਵਹਿ ਤੂ ਬਾਸਾ।। ਜਨਮ ਮਰਨ ਨਹ ਹੋਇ ਬਿਨਾਸਾ।।**

*ਉਹ ਥਾਂ ਵਧੀਆ ਬਣ ਜਾਏ, ਇਹ ਥਾਂ ਤਾਂ ਚਾਰ ਦਿਨਾਂ ਦੀ ਖੇਡ ਹੈ। ਇਹਦੇ ਵਿਚ ਸਦਾ ਲਈ, ਸੁਖ ਨਹੀਂ।*

*ਸੰਤ ਕਰਮ ਸਿੰਘ ਹੁਰਾਂ ਦੇ ਜਥੇ ਵਿਚ ਇਕ ਮੰਗਲ ਸਿੰਘ ਸੀ, ਉਸਦੇ ਗੋਡਿਆਂ ਤੋਂ ਲਗਕੇ ਪੈਰਾਂ ਤਕ ਸ਼ੋਰ ਵਗਦੀ ਸੀ, ਪਾਣੀ ਜਿਹਾ ਵਗਦਾ ਸੀ, ਖੁਰਕ ਹੁੰਦੀ ਸੀ। ਉਹ ਬੜਾ ਔਖਾ ਸੀ। ਉਸ ਨੇ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਕੋਲ ਅਰਜ਼ ਕੀਤੀ, "ਸੱਚੇ ਪਾਤਸ਼ਾਹ, ਏਥੇ ਸਾਡਾ ਇਹ ਹਾਲ ਹੈ, ਅਗੇ ਪਤਾ ਨਹੀਂ ਕੀ ਹੋਣਾ ਹੈ ?"*

*ਸਤਿਗੁਰੂ ਜੀ ਨੇ ਆਖਿਆ, "ਏਥੇ ਦੀ ਜਿਹੜੀ ਤਕਲੀਫ਼ ਹੈ ਉਹ ਝੱਲ ਲੈ, ਅਗੇ ਦੀ ਜ਼ੁੰਮੇਵਾਰੀ ਸਾਡੀ ਹੈ।" ਫਿਰ ਵੀ ਉਸ ਦੇ ਮਨ ਦੀ ਅਵਸਥਾ ਵੇਖ ਕੇ ਸਤਿਗੁਰੂ ਜੀ ਨੇ ਉਹਨੂੰ ਇਕ ਦੁਆਈ ਦਿੱਤੀ। ਉਸਦੇ ਨਾਲ ਉਹ ਰਾਜ਼ੀ ਹੋ ਗਿਆ।*

*ਲੇਕਿਨ ਮੁਖ ਗੱਲ ਸਾਡੇ ਸੋਚਣ ਵਾਲੀ ਹੈ ਕਿ ਐਹ ਤਕਲੀਫ਼ ਸਾਡੀ ਬੜੀ ਥੋਹੜੀ ਹੈ। ਇਹਦੇ ਵਾਸਤੇ ਏਨਾ ਹੀ ਬਾਣੀ ਵਿਚ ਲਿਖਿਆ ਹੈੜ*

**ਚਾਰਿ ਦਿਨ ਅਪਨੀ ਨਉਬਤਿ ਚਲੇ ਬਜਾਇ।।**
**ਇਤਨਕੁ ਖਟੀਆ ਗਠੀਆ ਮਟੀਆ ਸੰਗਿ ਨ ਕੁਛ ਲੈ ਜਾਇ।।**

*ਏਸ ਤਰ੍ਹਾਂ ਇਕ ਕਵੀ ਨੇ ਲਿਖਿਆ ਹੈ:*

*ਮਾਨਕ ਨਗੀਨੇ ਲਾਲ, ਹੀਰਨ ਕੇ ਧੌਲਹਰ,*
*ਦੇਵਨ ਕੇ ਕਾਰੀਗਰ, ਆਨ ਦੇ ਸਜਾ ਗਏ।*

*ਐਡੇ ਐਡੇ ਵਡੇ ਮਹਲ ਪਾਏ ਜਿਨ੍ਹਾਂ ਨੇ ਉਹਨਾਂ ਵਾਸਤੇ ਇਹ ਲਿਖਿਆ ਹੈ। ਕਵੀ ਨੇ ਆਖ਼ਰੀ ਤੁਕ ਵਿਚ ਲਿਖਿਆ ਹੈ, ਚਾਰ ਦਿਨ ਆਪਨੀ ਨੌਬਤ ਬਜਾ ਗਏ। ਭਗਤ ਨਾਮ ਦੇਵ ਜੀ ਨੇ ਲਿਖਿਆ ਹੈ:*

**ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ।।**

*ਜਿਹੜੇ ਹਜ਼ਾਰਾਂ ਵਰ੍ਹੇ ਦੀ ਉਮਰ ਵਾਲੇ ਸਨ, ਉਹ ਤੇ ਐਵੇਂ ਕੱਖਾਂ ਦੇ ਛੱਪਰਾਂ ਵਿਚ ਆ ਕੇ ਰਹਿੰਦੇ ਸਨ ਕਿ ਇਹ ਥੋੜ੍ਹੇ ਦਿਨਾਂ ਦੀ ਗੱਲ ਹੈ।*

*ਸਾਡੀ ਉਮਰ ਸੌ ਸਾਲ ਦੀ ਵੀ ਪੂਰੀ ਨਹੀਂ ਹੁੰਦੀ ਤੇ ਅਸੀਂ ਆਂਹਦੇ ਹਾਂ ਏਥੇ ਹੀ ਹੈ ਜੋ ਕੁਝ ਹੈ, ਅਗਾਂਹ ਹੈ ਹੀ ਨਹੀਂ। ਪਰ ਏਥੇ ਆ ਕੇ ਅਸਾਂ ਸੋਚਣਾ ਹੈ ਕਿ ਦਰਗਾਹ ਵਿਚ ਸਾਡੀ ਥਾਂ ਏਹੋ ਜਿਹੀ ਬਣੇ-ਜਿੱਥੇ ਰੇਰੇ ਨਾ ਸੁਣਨਾ ਪਵੇ। ਵਪਾਰ ਦੀਆਂ ਗੱਲਾਂ, ਸਿਨਮੇ ਦੀਆਂ ਗੱਲਾਂ ਬਾਹਰ ਜਾ ਕੇ ਬੜੀਆਂ ਹੁੰਦੀਆਂ ਨੇ। ਇਕ ਦੂਜੇ ਨਾਲ ਝਗੜੇ ਦੀਆਂ ਗੱਲਾਂ ਬੜੀਆਂ ਹੁੰਦੀਆਂ ਨੇ। ਸਾਡੇ ਸੋਚਣ ਵਾਲੀ ਗੱਲ ਇਹੋ ਹੀ ਹੈ ਕਿ ਅਸਾਂ ਅੱਗਾ ਕਿਵੇਂ ਸਵਾਰਨਾ ਹੈ ਅਤੇ ਇਹ ਸੋਚ ਤਾਂ ਹੀ ਬਣੇਗੀ। ਜੇ ਅਸੀਂ ਆਪਣੇ ਇਸ ਸਥਾਨ ਨੂੰ ਵੀ ਚੰਗਾ ਬਣਾਈਏ। ਪਹਿਲਾਂ ਏਸ ਸਥਾਨ ਵਿਚ ਰਹਿਣ ਦੇ ਯੋਗ ਬਣੀਏ।*

*ਸਾਡੇ ਬੱਚਿਆਂ ਨੂੰ ਏਥੇ ਆ ਕੇ ਸਿਖਿਆ ਮਿਲੇ ਕਿ ਇਹ ਸਾਡਾ ਘਰ ਹੈ। ਸਾਡਾ ਸਾਰਾ ਕੁਝ ਏਥੇ ਸ੍ਰੀ ਭੈਣੀ ਸਾਹਿਬ ਹੈ। ਇਹ ਮੁੱਢ ਹੈ। ਇਸਦੇ ਵਾਸਤੇ ਆਪਣੇ ਬੱਚਿਆਂ ਨੂੰ ਦ੍ਰਿੜ੍ਹ ਕਰਵਾਉਣਾ ਹੈ। ਉਹ ਇਸ ਪਾਸੇ ਪੂਰਾ ਧਿਆਨ ਦੇਣ। ਮਾਈਆਂ-ਰੰਗਦਾਰ ਕਪੜੇ ਪਾ ਕੇ ਖੁਸ਼ਬੂਦਾਰ ਤੇਲ ਲਾ ਕੇ ਵਖਾਲਾ ਕਰਨ ਦੀ ਥਾਂ ਆਪਣੇ ਬੱਚਿਆਂ ਨੂੰ ਇਹ ਸਿਖਿਆ ਦੇਣ ਕਿ ਏਥੇ ਆ ਕੇ ਅਸਾਂ ਇਹ ਕੁਝ ਸਿਖਣਾ ਹੈ। ਭੁੰਜੇ ਲੰਮੇ ਪੈਣ ਏਥੇ ਆ ਕੇ, ਮੰਜੇ ਤੇ ਨਾ ਸੌਣ। ਕਿਉਂ? ਇਹੋ ਜਿਹਾ ਤੁਹਾਡਾ ਸਰੀਰ ਬਣੇ ਕਿ ਜੋ ਤੁਹਾਨੂੰ ਕਿਸੇ ਔਖੇ ਵੇਲੇ ਤਕਲੀਫ ਨਾ ਆਵੇ।*

*ਗੜਵਾ ਰੱਖੋ। ਜੇ ਕਰੋੜ ਰੁਪਇਆ ਵੀ ਤੁਹਾਡੇ ਕੋਲ ਹੋਵੇ ਪਿਆ ਪਰ ਉਠ ਕੇ ਚੁੱਕ ਕੇ ਗੜਵਾ ਨਹੀਂ ਲਿਆ ਸਕਦੇ, ਤਾਂ ਤੁਹਾਡਾ ਕਰੋੜ ਵੀ ਕੀ ਦੇਵੇਗਾ ਤੁਹਾਨੂੰ?*

*ਸਰੀਰ ਕੰਮ ਦੇਂਦਾ ਰਹਿਣਾ ਚਾਹੀਦਾ ਹੈ। ਹਰ ਆਏ ਦਿਨ ਤਾਜ਼ਗੀ ਸਾਡੇ ਸਰੀਰ ਵਿਚ ਹੋਵੇ। ਇਹ ਤਾਜ਼ਗੀ ਸਾਨੂੰ ਭਜਨ ਬੰਦਗੀ ਵਾਲੇ ਪਾਸੇ ਲਾਵੇ। ਇਹ ਸਾਨੂੰ ਆਪਣੇ ਘਰ ਬਾਰੇ ਸੋਚਣ ਵਲ ਲਾਵੇ। ਸਾਡਾ ਧਿਆਨ ਏਥੇ ਰਹਿਣ ਲਈ ਵਧੀਆ ਥਾਵਾਂ ਵਲ ਨਾ ਜਾਵੇ। ਸਗੋਂ ਇਸ ਪਾਸੇ ਜਾਵੇ ਕਿ ਸਾਡਾ ਸਾਰਾ ਕੁਝ ਏਥੇ ਸ੍ਰੀ ਭੈਣੀ ਸਾਹਿਬ ਈ ਹੈ। ਸਾਡਾ ਇਤਿਹਾਸ, ਸਾਡਾ ਭਜਨ ਬੰਦਗੀ ਤੇ ਸਿਖਿਆ ਦਾ ਕੇਂਦਰ, ਸਾਡਾ ਅੱਗਾ ਸਵਾਰਨ ਦਾ ਸਾਧਨ। ਜੇ ਅਸੀਂ ਏਥੋਂ ਆਪ ਕੁਝ ਸਿਖ ਕੇ ਜਾਵਾਂਗੇ, ਸਾਡੇ ਬੱਚੇ ਕੁਝ ਸਿੱਖਕੇ ਜਾਣਗੇ ਤਾਂ ਸਾਡਾ ਸਦਾ ਲਈ ਸੁਖ ਵਧੇਗਾ।*

*ਜਿਹੜੇ ਸਰੀਰ ਏਥੇ ਕੁਝ ਦਿਨਾਂ ਤੋਂ ਆਏ ਨੇ ਉਹਨਾਂ ਨੂੰ ਇਹ ਪਤਾ ਹੈ ਕਿ ਸਤਿਗੁਰੂ ਹਰੀ ਸਿੰਘ ਸੱਚੇ ਪਾਤਸ਼ਾਹ ਜੀ ਵੇਲੇ ਦਾ ਪ੍ਰਸੰਗ ਏਥੇ ਪੜ੍ਹਿਆ ਜਾਂਦਾ ਸੀ। ਉਸ ਪ੍ਰਸੰਗ ਤੋਂ ਸਮਝ ਸਕੀਦਾ ਹੈ ਕਿ ਉਸ ਵੇਲੇ ਕਿੰਨੇ ਕੁ ਮਕਾਨ ਏਥੇ ਹੁੰਦੇ ਸਨ। ਕਿਵੇਂ ਸਿੱਖਾਂ ਨੂੰ ਏਥੇ ਦਰਸ਼ਨ ਹੁੰਦੇ ਸਨ। ਪੰਜ ਸਿੰਘ ਅੰਦਰ ਲੰਘਣ ਦਿੱਤੇ ਜਾਂਦੇ ਸਨ। ਉਹ ਵਾਪਸ ਆ ਜਾਣ ਫੇਰ ਪੰਜ ਦੂਸਰੇ ਆ ਸਕਦੇ ਸਨ। ਏਨੀਆਂ ਤੰਗੀਆਂ ਵਿੱਚ ਵੀ ਸਿੰਘ ਵਹੀਰ ਘਤੀ ਆਉਂਦੇ ਸਨ ਤੇ ਆ ਕੇ ਦਰਸ਼ਨ ਕਰਦੇ ਸਨ, ਪਾਠ ਕਰਦੇ ਸਨ, ਭਜਨ ਕਰਦੇ ਸਨ ਤੇ ਏਥੇ ਆ ਕੇ ਆਪਣਾ ਜਨਮ ਮਰਨ ਦਾ ਗੇੜ ਕਟਦੇ ਸਨ।*

*ਹੁਣ ਜੇ ਸਹੀ ਪੁਛਿਆ ਜਾਏ ਕਿ ਕਿਹੜਾ ਸਿੰਘ ਕਾਹਦੇ ਵਾਸਤੇ ਆਇਆ ਹੈ ? ਤਾਂ ਕੋਈ ਆਖੇਗਾ ਵਿਆਹ ਵੇਖਣ ਆਇਆ ਹਾਂ ਕੋਈ ਆਖੇਗਾ ਮੇਲਾ ਵੇਖਣ ਆਇਆਂ ਹਾਂ, ਕੋਈ ਆਖੇਗਾ ਮੈਂ ਏਥੇ ਕੀਰਤਨ ਕਰਨ ਆਇਆ ਹਾਂ। ਪਰ ਜੇਹੜੀ ਚੀਜ਼ ਅਸਲ ਹੈ, ਏਥੇ ਆਉਣ ਦਾ ਫਾਇਦਾ ਇਹ ਹੈ ਕਿ ਏਸ ਸੁਖ ਰੂਪ ਸੰਸਾਰ ਨੂੰ ਦੁਖ ਰੂਪ ਕਰਕੇ ਜਾਣਨਾ ਤੇ ਜਿਸਨੂੰ ਦੁਖ ਰੂਪ ਸਮਝੀਏ ਉਸ ਵਿੱਚ ਫੇਰ ਗੇੜਾ ਨਾ ਪਏ। ਉਸ ਤੋਂ ਬਚਣਾ। ਜਨਮ ਮਰਣ ਦੇ ਗੇੜ ਕਟਣ ਵਾਸਤੇ ਏਥੇ ਆਉਣ ਦਾ ਸਿਲਸਿਲਾ ਬਣਿਆ ਹੈ। ਪਰ ਇਹ ਗੱਲ ਸਾਡੇ ਧਿਆਨ ਵਿਚੋਂ ਮੈਂ ਸਮਝਦਾ ਹਾਂ, ਨਿਕਲ ਗਈ ਏ ਤੇ ਅਸੀਂ, ਮੈਂ ਮੈਂ ਕਰ ਰਹੇ ਹਾਂ। ਧਰਤੀ ਨਾਲ ਮੋਹ ਪਾਕੇ ਲੜਦੇ ਹਾਂ ਤੇ ਇਹਨਾਂ ਵਾਕਾਂ ਨੂੰ ਸਫਲ ਕਰਦੇ ਹਾਂੜ*

**ਹਉ ਬੰਧਉ ਹਉ ਸਾਧਉ ਬੈਰੁ।। ਹਮਰੀ ਭੂਮਿ ਕਉਣੁ ਘਾਲੈ ਪੈਰੁ।।**

*ਰਾਤ ਦਿਨ ਇਹਨਾਂ ਝਗੜਿਆਂ ਵਿੱਚ ਪੈ ਕੇ ਆਪਣਾ ਜੀਵਨ ਖਰਾਬ ਕਰ ਰਹੇ ਹਾਂ। ਇਹ ਵੀ ਇਸ ਲਈ ਹੋ ਰਿਹਾ ਹੈ ਕਿ ਸਾਡਾ ਧਿਆਨ ਸਾਧ ਸੰਗਤ ਵਾਲੇ ਪਾਸੇ, ਭਜਨ ਬੰਦਗੀ ਵਾਲੇ ਪਾਸੇ ਨਹੀਂ।*

*ਦੁਨੀਆਂ ਵਿੱਚ ਕਦੇ ਆ ਗਏ ਕਦੇ ਚਲੇ ਗਏ। ਝਗੜਿਆਂ ਵਿੱਚ ਪੈ ਕੇ ਸਾਡਾ ਆਉਣ ਜਾਣ ਦਾ ਕੰਮ ਰਹਿੰਦਾ ਹੈ। ਗੇੜਾ ਮੁਕਦਾ ਨਹੀਂ।*

**ਜਮਿ ਜਮਿ ਮਰੈ ਮਰੈ ਫਿਰਿ ਜੰਮੈ।। ਬਹੁਤੁ ਸਜਾਇ ਪਇਆ ਦੇਸਿ ਲੰਮੈ।।**

*ਸੋ ਮੈਂ ਜੇਹੜੀ ਅਰਜ਼ ਤੁਹਾਨੂੰ ਕੀਤੀ ਹੈ, ਸਤਿਗੁਰੂ ਹਰੀ ਸਿੰਘ ਜੀ ਦੇ ਵੇਲੇ ਜਿਹੜੇ ਸਿੱਖ ਬਾਹਰ ਟਿਬਿਆਂ ਵਿੱਚ ਲੁਕ ਕੇ ਰਹਿੰਦੇ ਸਨ, ਜਿੱਥੇ ਬਘਿਆੜ ਜਾਂ ਹਿਰਨ ਰਹਿੰਦੇ ਸਨ, ਓਥੇ ਮੀਂਹ ਹਨੇਰੀਆਂ ਵੀ ਆਪਣੇ ਉਪਰ ਝਲਦੇ ਸਨ ਫੇਰ ਵੀ ਉਹ ਧੰਨ ਭਾਗ ਸਮਝਦੇ ਜੇ ਦਰਸ਼ਨ ਹੋ ਜਾਂਦੇ ਸਨ। ਸਿੱਖ ਦਰਸ਼ਨ ਕਰਦੇ ਸਨ ਤੇ ਹੁਕਮ ਅਨੁਸਾਰ ਭਜਨ ਬੰਦਗੀ ਕਰਦੇ ਸਨ। ਉਹਨਾਂ ਦਾ ਧਿਆਨ ਪੱਕੇ ਮਕਾਨਾਂ ਵਿੱਚ ਰਹਿਣ ਵੱਲ ਨਹੀਂ ਸੀ ਹੁੰਦਾ। ਅੰਦਰ ਦੇ ਪੱਕੇ ਮਕਾਨ ਵੱਲ ਹੁੰਦਾ ਸੀ। ਹੁਣ ਕਿੰਨੇ ਪੱਕੇ ਮਕਾਨ ਬਣ ਗਏ ਨੇ? ਕਿੰਨਾ ਕੁਝ ਤੁਹਾਡੇ ਸਾਹਮਣੇ ਹੋ ਰਿਹਾ ਹੈ ਤੇ ਹੋਈ ਜਾ ਰਿਹਾ ਹੈ ? ਪਰ ਸਾਡੇ ਅੰਦਰ ਜਿਹੜੇ ਪੱਕੇ ਮਕਾਨ ਹਨ ਉਹ ਢਹਿ ਰਹੇ ਹਨ। ਇਸ ਦਾ ਕਾਰਨ ਇਹ ਹੈ ਕਿ ਅਸਾਂ ਸਮਝ ਲਿਆ ਹੈ ਕਿ ਏਥੇ ਜਿਹੜੇ ਮਕਾਨ ਨੇ ਬੜੇ ਵਧੀਆ ਨੇ ਅਗੇ ਤੇ ਕੋਈ ਹੈ ਈ ਨਹੀਂ।*

**ਜੋ ਘਰੁ ਛਡਿ ਗਵਾਵਣਾ ਸੋ ਲਗਾ ਮਨ ਮਾਹਿ।। ਜਿਥੈ ਜਾਇ ਤੁਧੁ ਵਰਤਣਾ ਤਿਸ ਕੀ ਚਿੰਤਾ ਨਾਹਿ।।**

*ਜਾਂ ਜਿਹੜਾ ਸਤਿਗੁਰਾਂ ਦਾ ਫ਼ੁਰਮਾਣ ਹੈ :*

**ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ।।**

*ਨਾ ਓਥੇ ਬੁਢਾਪਾ ਹੈ, ਨਾ ਮੌਤ ਹੈ, ਨਾ ਜਨਮ ਹੋਣਾ ਹੈ। ਜਦੋਂ ਮੌਤ ਹੀ ਨਹੀਂ ਹੋਣੀ ਜਨਮ ਆਪੇ ਹੀ ਨਹੀਂ ਹੋਣਾ। ਸੋ ਇਹ ਗੱਲਾਂ ਸਾਡੇ ਅੰਦਰ ਰਹਿਣ। ਇਸ ਵਾਸਤੇ ਸਾਨੂੰ ਹਰ ਵੇਲੇ ਯਤਨ ਕਰਨਾ ਚਾਹੀਦਾ ਹੈ। ਸਾਡੇ ਅੰਦਰ ਸਾਧ ਸੰਗਤ ਵਾਲੀ ਗੱਲ ਹੋਵੇ।*

*ਏਥੇ ਸ੍ਰੀ ਭੈਣੀ ਸਾਹਿਬ ਮਕਾਨ ਬੜੇ ਬਣਨੇ ਨੇ। ਜਿਵੇਂ ਮੈਂ ਕਿਹਾ ਹੈ ਕਿ ਬਣਾਈ ਜਾਂਦੇ ਨੇ। ਪਰ ਤੁਸੀਂ ਟੇਕ ਏਸ ਗੱਲ ਤੇ ਨਾ ਰਖੋ ਕਿ ਸਾਨੂੰ ਵਧੀਆ ਮਕਾਨ ਮਿਲੇ। ਟੇਕ ਇਸ ਗੱਲ ਤੇ ਰਖਣੀ ਚਾਹੀਦੀ ਹੈ, ਸਾਡੇ ਕੰਨ ਵਿੱਚ ਕੋਈ ਅਵਾਜ਼ ਵਧੀਆ, ਚੰਗੀ ਪਵੇ। ਬਾਣੀ ਪੜ੍ਹਨ ਦੀ ਅਵਾਜ਼ ਪਵੇ। ਆਪ ਬਾਣੀ ਪੜ੍ਹੀਏ। ਅਸੀਂ ਸੋਚੀਏ ਏਥੇ ਆ ਕੇ ਕਿ ਅਸੀਂ ਕਿੰਨਾ ਭਜਨ ਕੀਤਾ ਹੈ। ਕਿੰਨੇ ਦਿਨ ਮੇਲੇ ਤੇ ਰਹੇ ਹਾਂ, ਤਿੰਨ ਦਿਨ ਚਾਰ ਦਿਨ ਜਾਂ ਦਸ ਵੀਹ ਦਿਨ। ਓਨੇ ਦਿਨਾਂ ਵਿੱਚ ਅਸੀਂ ਕਿੰਨਾ ਕੁ ਭਜਨ ਕਰ ਲਿਆ ਹੈ।*

*ਵਪਾਰੀ ਆਦਮੀ ਜਾਣਦੇ ਨੇ ਕਿ ਸਾਉਣ ਭਾਦਰੋਂ ਦੇ ਮਹੀਨੇ ਵਪਾਰ ਘਟ ਜਾਂਦਾ ਹੈ। ਉਹ ਫੇਰ ਵੇਖਦੇ ਹਨ ਸਾਡਾ ਦੋ ਮਹੀਨਿਆਂ ਦਾ ਪਾੜਾ ਪੈ ਗਿਆ ਹੈ ਅਸਾਂ ਬਾਅਦ ਵਿੱਚ ਉਹ ਮੇਲ ਲਿਆ ਹੈ ਜਾਂ ਨਹੀਂ।*

*ਏਥੇ ਅਸੀਂ ਕੁਝ ਦਿਨ ਆਉਣਾ ਹੈ। ਕੀ ਇਹਨਾਂ ਦਿਨਾਂ ਵਿੱਚ ਸਾਲ ਭਰ ਦਾ ਪਾੜਾ ਮਿਲ ਜਾਂਦਾ ਹੈ ? ਹਾਂ ਕੁਝ ਨੇੜੇ ਹੁੰਦਾ ਹੈ। ਫੇਰ ਅਸੀਂ ਹੋਰ ਭਜਨ ਕਰਦੇ ਹਾਂ। ਸਾਨੂੰ ਪਾੜਾ ਮੇਲਣ ਲਈ ਲੱਗੇ ਰਹਿਣਾ ਚਾਹੀਦਾ ਹੈ ਤਾਂ ਕਿ ਜਨਮ ਮਰਨ ਦਾ ਗੇੜ ਮੁੱਕੇ।* ❖❖

# कूका सम्प्रदाय के मुखी श्री सतगुरु राम सिंह जी

श्री सतगुरु राम सिंह जी का जन्म सन् 1816 में लुधियाना जिले के भैनी गांव में सरदार जस्सा सिंह और माता सदा कौर के घर हुआ था। बड़े होने के बाद वह सिख सेना में भर्ती हो गए। अपनी रेजीमेंट में सेवाकाल के दौरान वह हजरो के सिख संत, गुरु बालक सिंह और उनके नामधारी या कूका आंदोलन से प्रभावित हुए। शीध्र ही वह गुरु बालक सिंह के शिष्य बन गए और स्वयं को उनके मिशन के लिए समर्पित कर दिया। गुरु बालक सिंह का 1862 में निधन हो गया।

सन् 1845 के अंग्रेज–सिख युद्ध के पूर्व श्री सतगुरु राम सिंह जी ने नौकरी छोड़ दी और अपने गांव भैनी लौट आए जो नामधारी पंथ और स्वतंत्रता संघर्ष का एक महत्वपूर्ण केन्द्र बन गया। श्री सतगुरु राम सिंह जी के बढ़ते प्रभाव से पंजाब में कूका आंदोलन के विस्तार में मदद मिली। इस आंदोलन में पवित्र और सरल जीवन की धार्मिक मान्यताओं का गुणगान किया गया। इसके अनुयायी उच्च स्वर में गुरबानी के गायन की अनूठी शैली और स्वतंत्रता की अलख जगाने के कारण 'कूका' कहलाए।

श्री सतगुरु जी के जीवन का उद्देश्य समस्त जातिगत भेदभाव को समाप्त करना था उन्होंने विधवाओं के पुनर्विवाह, लड़कियों का बचपन में विवाह न करने का भी समर्थन किया, लोगों को मद्यपान और नशीली दवाओं के सेवन से परहेज करने के लिए प्रेरित किया तथा अपने शिष्यों को निर्मल एवं सत्यवादी बनने के लिए प्रोत्साहित किया। उन्होंने गाय की पूजा करने, बिना दहेज लिए–दिए विवाह की रस्म को सादगीपूर्ण ढंग से निबाहने तथा कन्या भ्रूण हत्या को रोकने पर जोर दिया। कूका सम्प्रदाय के बीच सर्वोच्च राष्ट्रीय भावना और धार्मिक उत्साह का प्रसार हुआ तथा श्री सतगुरु राम सिंह जी इस सुबद्ध और सुसंगठित व्यवस्था के केन्द्र–बिन्दु बन गए। कूका आंदोलन ने भारत की स्वतंत्रता के लिए देश में राष्ट्रीय चेतना के विकास की दिशा में एक महत्वपूर्ण स्थान हासिल किया।

श्री सतगुरु राम सिंह जी ने अंग्रेजी शासन को कभी स्वीकार नहीं किया। उन्होंने गौर किया कि अंग्रेज किस प्रकार विभाजन के बीज बो रहे थे तथा खालसा सम्प्रदाय के बीच देशद्रोह को बढ़ावा दे रहे थे। उन्होंने अपने समुदाय की आंतरिक कमजोरी तथा विदेशी शासकों के रूप में बाहरी खतरे को भी देखा। उनके अनुयायियों को अंग्रेजों के अधीन सरकारी सेवा में जाने, न्यायालय की शरण लेने तथा अंग्रेजी भाषा सीखने से मना कर दिया गया था। कूका अनुयायियों से समस्त ब्रिटिश संस्थानों, यथा–स्कूलों और कॉलेजो, न्यायालयों, परिवहन और डाक घरों का बहिष्कार करने के लिए कहा गया। उन्होंने नेपाल और रूस के साथ कूटनीतिक संबंध स्थापित किये और सैन्य प्रशिक्षण के लिए कूका प्लाटून की शुरुआत की। उन्होंने राज्य में समानान्तर सरकार स्थापित कर दी थी। इस प्रकार इस आन्दोलन को अत्यधिक राजनीतिक पूर्वाग्रह का सामना करना पड़ा। इस आंदोलन को मुख्य प्रेरणा विदेशी शासन के विरोध से प्राप्त हुई थी ओर इसके अंतर्गत विदेशी शासन की याद दिलाने वाली किसी भी चीज से परहेज किया जाता था। अंग्रेजी शिक्षा, मिलनिर्मित वस्त्र और अन्य आयातित वस्तुओं का बहिष्कार किया जाता था। श्री सतगुरु राम सिंह जी ने ''भारतीय बनो, भारतीय खरीदो और भारतीय रहो।'' की अवधारणा की वकालत की।

कूका आंदोलन पर कड़ी नजर रखी जा रही थी और विभिन्न जिलों से खुफिया अधिकारी इसके उद्देश्यों और गतिविधियों के बारे में चौंका देने वाली रिपोर्टें भेज रहे थे। यह अफवाह फैलायी गई कि अंग्रेजों से लड़ने के लिए श्री सतगुरु राम सिंह जी एक सेना तैयार कर रहे हैं। भैनी और हजरो पर लगातार नजर रखी ती थी और फिर पंजाब सरकार के आदेश से श्री सतगुरु राम सिंह जी जी को 1863 में उनके गांव में ही नजरबंद कर दिया गया। पूरे पंजाब में कूका आंदोलन की गतिविधियां रोक दी गईं।

कूका लोगों ने, जो गाय को बहुत पूज्य मानते थे, अमृतसर के पवित्र शहर और पंजाब के अन्य स्थानों में कसाईखानों को खोलने तथा गोमांस की दुकानें खोले जाने पर अत्यधिक नाराज़गी व्यक्त की। 14 जून, 1871की रात्रि को कूकाओं के एक उग्र समूह ने अमृतसर के कसाईखानों पर धावा बोलकर चार कसाइयों को मार डाला। ऐसी ही घटना लुधियाना जिले के रायकोट मं भी हुई। अमृतसर और लुधियाना की घटनाओं के लिए दस कूकाओं को सार्वजनिक रूप से फांसी दी गई ओर अन्य को लंबी सजा सुनाकर अंडमान जेल भेज दिया गया।

सरकार ने राम सिंह जी के आवागमन को उनके गांव तक प्रतिबंधित रखने के आदेश को पुनः लागू किया तथा धार्मिक उत्सवों पर कूकाओं के इक्ट्ठा होने पर भी पाबंदी लगा दी। परन्तु कूकाओं का गुस्सा भड़क चुका था और जनवरी 1872 के माघी उत्सव में वे सैकड़ों की संख्या में कूका आंदोलन के गढ़ भैनी में इक्ट्ठा हुए। जिन व्यक्तियों को फांसी दी गई थी उनकी बहादुरी का भाषणों में गुणगान किया गया। सतगुरु जी को अपने अनुयायियों को शांतिपूर्वक अपने–अपने घर जाने हेतु मनाने में कुछ परेशानी हुई। तथापि, एक समूह ने इस सुझाव को अनदेखा करके मालेरकोटला–एक मुस्लिम इलाका जहां व्यापक पैमाने पर गोवध की अनुमति थी, पर हमला करने का निर्णय किया। मालेरकोटला पर हमला हआ और वहां से लौटते समय लुधियाना के डिप्टी कमिश्नर श्री एल.कोवान ने 68 कूकाओं को गिरफ्तार किया तथा किसी भी तरह की सरकारी औपचारिकता निभाये बगैर 66 कैदियों को तोप के मुंह से बांधकर उड़ा दिया। दो महिला अनुयायियों को पटियाला पुलिस को सौंप दिया गया।

मालेरकोटला की घटना के बाद समस्त कूका आंदोलन को गैर–कानूनी घोषित कर दिया गया और भैनी में एक पुलिस पोस्ट स्थापित कर दी गयी। इस आंदोलन के मुख्यालय पर भी कब्जा कर लिया गया और श्री सतगुरु राम सिंह जी सहित सभी मुख्य नेताओं को हिरासत में ले लिया गया । श्री सतगुरु राम सिंह जी को पहले इलाहाबाद भेजा गया और बाद में बर्मा अब म्यांमार भेजा गया जहां नवम्बर, 1885 तक वह पहले रंगून और फिर मर्गुई जेल सरकार के कैदी के रूप में रहे। बर्मा जेल की रिपोर्टों के अनुसार, सतगुरु जी का देहांत बर्मा मं निर्वासनकाल के दौरान ही हो गया था किंतु ब्रिटिश शासनाधीन बर्मा के तत्कालीन चीफ कमिश्नर के अगस्त 1886 के पत्रानुसार, श्री सतगुरु राम सिंह जी को चोरी–छुपे मर्गुई जेल से निकालकर अन्य किसी सुदूर स्थान पर भेज दिया गया जहां 1885 से 1886 के दौरान उनसे संपर्क करना आसान नहीं था।

श्री सतगुरु राम सिंह जी 13 वर्ष की लम्बी अवधि तक कैद में रहे। ईश्वर के प्रति उनके अटूट विश्वास और उनके अनुयायियों की उन पर अगाध श्रद्धा ने उन्हें इस एकांतवास में सहारा दिया। श्री सतगुरु राम सिंह जी द्वारा लिखे गए अनेक पत्र संभाल कर रखे गए हैं। ये पत्र श्री सतगुरु राम सिंह जी के अटूट विश्वास, अपनी बात कहने के उनके साहस और अनुयायियों तथा देश के प्रति उनके निःस्वार्थ प्रेम को स्पष्ट रूप से दर्शाते हैं।

अपने गौरवपूर्ण जीवनकाल में श्री सतगुरु राम सिंह जी ने देश की स्वतंत्रता हेतु और समाज की कुरीतियों के विरोध में लोगों को एकजुट किया। उन्होंने लोगों में धार्मिक जारूकता पैदा की। 19वीं शताब्दी मं असहयोग और स्वदेशी आंदोलन का राजनीतिक हथियार के रूप में उपयोग करने वाले वह पहले भारतीय थे। सद्गुरु राम सिंह जी द्वारा 1860 के दशक में प्रचारित आदर्शों को महात्मा गाधी द्वारा 60 वर्षों बाद पुनः अपनाया गया। अल्प अवधि में ही लाखों लोग उनके अनुयायी बने और परिणामस्वरूप अपनी दासता और गुलामी के प्रति जागरूक हुए। यद्यपि अंग्रेजी सरकार ने कूका आंदोलन को समाप्त करने का पूरा प्रयास किया फिर भी वह श्री सतगुरु राम सिंह जी द्वारा जलाई गई स्वतंत्रता की मशाल को नहीं बुझा सकी।

—लोकसभा सचिवालय सांभार


# सतिजुग

1920 में स्थापित


## ਰਾਮਪੁਰਾ ਫੂਲ ਵਿਖੇ ਸ਼ਹੀਦੀ ਸਮਾਗਮ...

(ਬਾਕੀ ਸਫਾ 1 ਦੀ)



33ਵੇਂ ਸ਼ਹੀਦੀ ਸਮਾਗਮ ਰਾਮਪੁਰਾ ਫੂਲ ਵਿਖੇ ਮੈਗਜ਼ੀਨ ਰਲੀਜ਼ ਕਰਦੇ ਹੋਏ ਸ੍ਰੀ ਸਤਿਗੁਰੂ ਜੀ

**ਸ. ਹਰਪਾਲ ਸਿੰਘ ਸੇਵਕ**– ਸਮਾਗਮ ਨੂੰ ਸੰਬੋਧਨ ਕਰਦਿਆਂ ਸ. ਹਰਪਾਲ ਸਿੰਘ ਸੇਵਕ ਸ੍ਰੀ ਭੈਣੀ ਸਾਹਿਬ ਨੇ ਆਖਿਆ ਕਿ ਐਨਸਾਈਕਲੋਪੀਡੀਆ ਬ੍ਰਿਟੈਨਿਕਾ ਵਿਚ ਲਿਖਿਆ ਹੋਇਆ ਹੈ ਕਿ ਗੁਰੂ ਰਾਮ ਸਿੰਘ ਸਿੱਖ ਦਾਰਸ਼ਨਿਕ, ਸੁਧਾਰਕ, ਅੰਗਰੇਜ਼ੀ ਵਾਪਾਰ ਅਤੇ ਨੌਕਰੀਆਂ ਪ੍ਰਤੀ ਨਾ–ਮਿਲਵਰਤਨ ਨੂੰ ਸਿਆਸੀ ਹਥਿਆਰ ਵਜੋਂ ਵਰਤਣ ਵਾਲੇ ਪਹਿਲੇ ਭਾਰਤੀ ਹਨ। ਉਹਨਾਂ ਦੱਸਿਆ ਕਿ ਕੂਕਾ ਅੰਦੋਲਨ ਵਿਚ ਰਾਮਪੁਰਾ ਫੂਲ ਦੇ 15 ਸਿੱਖ ਸ਼ਹੀਦ ਹੋਏ। ਰਾਏਕੋਟ ਸਾਕੇ ਦੇ ਅਤੇ ਲੁਧਿਆਣੇ ਸਾਕੇ ਦੇ ਸ਼ਹੀਦ ਇਸ ਇਲਾਕੇ ਦੇ ਸਨ ਅਤੇ ਤੋਪਾਂ ਅਤੇ ਢੀਮਾਂ ਰੱਖਕੇ ਤੋਪਾਂ ਨਾਲ ਉਡਣ ਵਾਲੇ ਸ਼ਹੀਦ ਵਰਿਆਮ ਸਿੰਘ ਜੀ ਵੀ ਇਸ ਇਲਾਕੇ ਦੇ ਸਨ। ਸੇਵਕ ਹਰਪਾਲ ਸਿੰਘ ਨੇ ਦੱਸਿਆ ਕਿ ਜਦ 300 ਸਾਲਾ ਖਾਲਸਾ ਸਾਜਨਾ ਦਿਵਸ ਆਇਆ, ਕੂਕਾ ਅੰਦੋਲਨ ਦਾ 150 ਸਾਲਾ ਦਿਵਸ, ਸਿੱਖ ਸੰਗਤ ਨਾਲ ਹੋਰ ਸੰਬਧਿਤ ਦਿਨ ਆਏ ਤੇ ਹੁਣ ਸਤਿਗੁਰੂ ਰਾਮ ਸਿੰਘ ਜੀ ਦਾ 200 ਸਾਲਾ ਪ੍ਰਕਾਸ਼ ਉਤਸਵ ਆਇਆ ਹੈ। ਇਹ ਸੁਭਾਗਾ ਮੌਕਾ ਅਕਾਲੀ ਸਰਕਾਰ ਦੇ ਹੁੰਦਿਆਂ ਆਇਆ ਹੈ ਤੇ ਉਹਨਾਂ ਨੇ ਸੁਚੱਜੀ ਅਗਵਾਈ ਕੀਤੀ ਹੈ।

**ਡਾ. ਨਰਿੰਦਰ ਸਿੰਘ ਧਾਲੀਵਾਲ,** ਐਸ. ਡੀ. ਐਮ. ਸਬ–ਡਵੀਜਨ ਫੂਲ ਨੇ ਆਖਿਆ ਕਿ ਨਾਮਧਾਰੀ ਸੰਪਰਦਾ ਦਾ ਸਮਾਜ ਨੂੰ ਉਸਾਰੂ ਸੇਧ ਦੇਣ ਵਿਚ ਵੱਡਾ ਯੋਗਦਾਨ ਹੈ ਜਿਸਨੇ ਸਮਾਜ ਨੂੰ ਨਸ਼ਿਆਂ ਅਤੇ ਕੁਰੀਤੀਆਂ ਤੋਂ ਬਚਾਅ ਕੇ ਸਾਦਾ ਜੀਵਨ ਜਿਉਣ ਦੀ ਜਾਚ ਦੱਸੀ ਹੈ। ਅੱਜ ਵੀ ਨਾਮਧਾਰੀ ਸਮਾਜ ਵਿਚ ਬਿਨਾਂ ਦਾਜ ਦਹੇਜ ਵਿਆਹ ਹੁੰਦੇ ਹਨ। ਜਿਸ ਤੋਂ ਦੁਨੀਆਂ ਨੂੰ ਸੇਧ ਲੈਣੀ ਚਾਹੀਦੀ ਹੈ। ਉਹਨਾਂ ਦੱਸਿਆ ਕਿ ਸਾਡੇ ਗੁਆਂਢ ਬਰਨਾਲਾ ਵਿਚ ਨਾਮਧਾਰੀ ਪਰਿਵਾਰ ਰਹਿੰਦਾ ਸੀ ਮੈਂ ਉਹਨਾਂ ਦੀ ਜ਼ਿੰਦਗੀ ਤੋਂ ਬਹੁਤ ਪ੍ਰਭਾਵਤ ਸੀ। ਅੱਜ ਮੈਨੂੰ ਸਮਾਗਮ ਵਿਚ ਆਉਣ ਦਾ ਮੌਕਾ ਮਿਲਿਆ ਹੈ ਮੈਂ ਦਰਸ਼ਨ ਕਰਕੇ ਆਪਣੇ ਆਪ ਨੂੰ ਭਾਗਸ਼ਾਲੀ ਸਮਝਦਾ ਹਾਂ।

**ਸੰਤ ਸੁਰਿੰਦਰ ਸਿੰਘ ਲੁਧਿਆਣਾ** ਕੂਕਾ ਸ਼ਹੀਦੀ ਯਾਦਗਾਰੀ ਟਰੱਸਟ ਦੇ ਪ੍ਰਧਾਨ ਨੇ ਆਖਿਆ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕੂਕਾ ਅੰਦੋਲਨ ਦਾ 150 ਸਾਲਾ ਮਨਾਉਣ ਲਈ ਹਰ ਤਰ੍ਹਾਂ ਦਾ ਸਰਕਾਰੀ ਸਹਿਯੋਗ ਦਿੱਤਾ ਹੈ ਅਤੇ ਹੁਣ 200 ਸਾਲਾ ਪ੍ਰਕਾਸ਼ ਉਤਸਵ ਮਨਾਉਣ ਲਈ ਸਰਕਾਰੀ ਕਮੇਟੀਆਂ ਬਣਾ ਦਿੱਤੀਆਂ ਹਨ। ਬਾਦਲ ਸਰਕਾਰ ਨੇ ਕੇਂਦਰ ਸਰਕਾਰ ਨੂੰ ਵੀ ਲਿਖਿਆ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੀ ਸਾਲ ਭਰ ਮਨਾਈ ਜਾਣ ਵਾਲੀ ਦੂਸਰੀ ਸ਼ਤਾਬਦੀ ਰਾਸ਼ਟਰੀ ਪੱਧਰ ਤੇ ਮਨਾਈ ਜਾਵੇ।

ਇਸ ਸਮੇਂ ਸਤਿਗੁਰੂ ਰਾਮ ਸਿੰਘ ਜੀ ਦੀ ਕੌਮੀ ਪੱਧਰ ਤੇ ਮਨਾਈ ਜਾਣ ਵਾਲੀ ਦੂਸਰੀ ਪ੍ਰਕਾਸ਼ ਸ਼ਤਾਬਦੀ ਨੂੰ ਸਮਰਪਿਤ ਸ਼ਹੀਦ ਵਰਿਆਮ ਸਿੰਘ ਯਾਦਗਾਰੀ ਕਮੇਟੀ ਵਲੋਂ 33ਵੇਂ ਸ਼ਹੀਦੀ ਸਮਾਗਮ ਤੇ ਵਿਸ਼ੇਸ਼ ਸੋਵੀਨਰ ਛਾਪਿਆ ਹੈ। ਇਸ ਸੋਵੀਨਰ ਨੂੰ ਸਤਿਗੁਰੂ ਜੀ ਨੇ ਆਪਣੇ ਪਾਵਨ ਹਸਤ ਕਵਲਾਂ ਨਾਲ ਰਿਲੀਜ਼ ਕੀਤਾ। ਇਹ ਸੋਵੀਨਰ ਸੰਗਤ ਵਿਚ ਵੰਡਿਆ ਗਿਆ।

**ਸ਼ਹੀਦ ਸ. ਵਰਿਆਮ ਸਿੰਘ ਦੇ ਪਰਿਵਾਰ ਦਾ ਸਨਮਾਨ–**

ਤੋਪਾਂ ਅਗੇ ਢੀਮਾਂ ਰੱਖਕੇ ਤੋਪ ਦੇ ਬਰਾਬਰ ਸ਼ਹੀਦ ਹੋ ਜਾਣ ਵਾਲਾ ਸ਼ਹੀਦ ਵਰਿਆਮ ਸਿੰਘ ਦੇ ਪਰਿਵਾਰ ਵਿਚੋਂ ਪਹੁੰਚੇ ਸ. ਦਵਿੰਦਰ ਸਿੰਘ ਅਤੇ ਉਹਨਾਂ ਦੇ ਭਰਾਤਾ ਦਾ ਸ੍ਰੀ ਸਤਿਗੁਰੂ ਜੀ ਨੇ ਸਿਰੋਪਾਓ ਅਤੇ ਮਾਲਾ ਗਲ ਵਿਚ ਪਾਕੇ ਆਪਣੇ ਪਾਵਨ ਹਸਤ ਕੰਵਲਾਂ ਨਾਲ ਸਨਮਾਨ ਕੀਤਾ।

**ਵਿਸ਼ੇਸ਼ ਸਨਮਾਨ**– ਇਸ ਸਮੇਂ ਸ੍ਰੀ

(ਬਾਕੀ ਸਫਾ 7 'ਤੇ)

PARVACHAN

SRI SATGURU JAGJIT SINGH JI

# YOU CAN ACCOMPLISH EVERYTHING THROUGH NAAM SIMRAN



**We should strictly refrain from the use of meat and alcohol, then seek permission to do the Naam Simran. The Naam should not be uttered loudly and never be revealed to any other person. Anything that cannot be achieved in a normal manner, you can accomplish through Naam Simran. When you commence Naam Simran, start by praying to Satguru Ram Singh Ji that we be bestowed with your holy glimpse.**

**Translated by JSH**



**Kirtan: performed by Gurbax Singh, Amrik Singh, Baldev Singh and Harpal Singh. Diwan : by Suba Gurdial Singh & Jatha. Paath Da Bhog: by Suba Gurdial Singh, Mukta Singh, Baldev Singh. Havan: performed by the youth.**


## MATRIMONIALS

**Alliance invited for Namdhari boy, 27, 5 feet 7 inches, B. Com, Diploma in Electronics, pursuing MBA (IT, Final year), own business of Computer shop.**

**Contact: 09235702062 Post Box: 1000**

❖❖❖

**Wanted educated , IELTS cleared girl for Namdhari boy, 23, 5 feet 11 inches, pursuing B.A. (Final), own business.**

**Contact: 09815661850,. 09915941169 Post Box: 1001**

❖❖❖

**Alliance invited for Namdhari girl, 28, 5 feet 6 inches, Ph.D from Delhi University, working in Hyderabad CCMB.**

**Contact: 09891176390 Post Box: 1002**

❖❖❖

**Wanted suitable girl for Namdhari boy, 28, 5 feet 5 inches, Post Graduate, own business.**

**Contact: 08284906633, 08284904411 Post Box: 1003**



**SATJUG**

**Namdhari Gurdwara Ramesh Nagar, New Delhi-15**

**e-mail : satjugweekly@gmail.com**




SATJUG

ESTABLISHED IN 1920


DISCOURSE

SATGURU PARTAP SINGH JI

# SELF EXPERIENCE OF RAI SINGH



Rai Singh was a learned man, so he seriously and devotedly started pondering over the matter as to how he could meet the true Guru. He was in a pensive mood, struggling within his mind to find out a way of fulfillment of his desire. His condition was exactly like that of Sudama, who went to meet Lord Krishna. He wondered how to meet the king? Who could help him in this matter?

***Bani guru kee naem jannaavai***
***Prem guru bin khaan N paavai.***

The daily recitation of Gurbani reminds that unless one loves and devotes himself to the Guru, he cannot get solace. Gurbani states as under—

***Sabh jaae milahu satguru***
***ko maeree jindurreeae***
***Jo har har naam dirrraavai raam.***
***P-540***

Go, every one and meet the true Guru, O my soul, he implants the name of the lord Har Har within the heart.

***Satguru hai amritsar saachaa man naavai mail chukaavaniaa P-113***

The true Guru is the true pool of nectar with healing power, so that the mind is washed clean of all filth.

***Amritsar satguru sativaadee jiu***
***Naatai kaooa hans hovai. P-493***

The true Guru, the speaker of truth is the pool of ambrosial nectar, bathing within it, the crow becomes swan.

***Satgur vittahu vaariaa jit***
***miliai khasam samaaliaa.***
***Jin kar updes giaan anjan deeaa***
***einhee naetree jagat nihaalia. P-470***

I am sacrifice to the true Guru, meeting him, I have come to cherish the Lord Master. He has taught me and given me the healing ointment of spiritual wisdom and with these, I behold the world.

***Mat ko bharam bhulae sansar.***
***Gur bin koe N ottras paar. P-864***

Let no one wander in doubt in the world. Without the Guru, no one can cross over.

***Transliteration by Sant Singh***

# ਸ੍ਰੀ ਸਤਿਗੁਰੂ ਜੀ ਵਲੋਂ ਪਿੰਡਾਂ ਦੇ ਨਵੇਂ ਬਣੇ ਸਰਪੰਚਾਂ ਤੇ ਬਖਸ਼ਿਸ਼ਾਂ



**ਸ੍ਰੀ ਸਤਿਗੁਰੂ ਜੀ ਸੰਤ ਨਗਰ ਵਿਖੇ ਸੰਤ ਮੰਗਲ ਸਿੰਘ ਵਿਰਕ ਦੇ ਨਵੇਂ ਬਣੇ ਗੈਰਿਜ ਦੇ ਮਹੂਰਤ ਸਮੇਂ ਅਰਦਾਸ ਵਿਚ ਸ਼ਾਮਿਲ ਅਤੇ ਸਿੱਖ ਸੇਵਕ।**

***ਜੈਸਾ ਸਤਿਗੁਰ ਸੁਣੀਦਾ***
***ਤੈਸੋ ਹੀ ਮੈ ਡੀਠ।।***

ਸਿੱਖ ਜਦੋਂ ਸਤਿਗੁਰੂ ਨੂੰ ਯਾਦ ਕਰਦੇ ਨੇ ਸਤਿਗੁਰੂ ਉਦੋਂ ਉਦੋਂ ਦਰਸ਼ਨ ਦੇ ਕੇ, ਭਲਾ ਕਰਦੇ ਆਏ ਹਨ। ਪਿਛਲੇ ਦਿਨੀਂ ਇਲਾਕਾ ਸ੍ਰੀ ਜੀਵਨ ਨਗਰ ਵਿਖੇ ਸਰਪੰਚੀ ਦੀਆਂ ਵੋਟਾਂ ਪਈਆਂ। ਸਰਪੰਚਾਂ ਦੀ ਅਰਜ਼ ਕਰਨ ਤੇ ਸ੍ਰੀ ਸਤਿਗੁਰੂ ਜੀ ਨੇ ਅਰਜ਼ ਪ੍ਰਵਾਨ ਕਰਦਿਆਂ ਮਸਤਾਨਗੜ੍ਹ ਇਲਾਕਾ ਸ੍ਰੀ ਜੀਵਨ ਨਗਰ ਵਲ ਚਾਲੇ ਪਾਏ। ਰਸਤੇ ਵਿਚ ਰਾਣੀਆਂ ਵਿਖੇ ਸੰਤ ਹਰਬੰਸ ਸਿੰਘ, ਸੰਤ ਸੁਖਦੇਵ ਸਿੰਘ ਤੇ ਹੋਰ ਘਰਾਂ ਵਿਚ ਚਰਨ ਪਾਕੇ ਐਲਨਾਬਾਦ ਵਿਖੇ ਮਾਸਟਰ ਅਮਰੀਕ ਸਿੰਘ ਦੇ ਘਰ ਦਰਸ਼ਨ ਦਿੱਤੇ। ਮਾਸਟਰ ਜੀ ਦੇ ਪੋਤਰੇ ਘਰ ਦੋ ਪੁੱਤਰ ਹੋ ਕੇ ਚੜ੍ਹਾਈ ਕਰ ਗਏ ਸੀ, ਸ੍ਰੀ ਸਤਿਗੁਰੂ ਜੀ ਨੇ ਮਾਸਟਰ ਜੀ ਨੂੰ, ਅਮਨਦੀਪ ਤੇ ਬੀਬੀ ਨੂੰ ਹੌਂਸਲਾ ਦਿੰਦਿਆਂ ਹੋਇਆਂ ਹੁਕਮ ਕੀਤਾ ਕਿ ਐਵੇਂ ਡੋਲੀਦਾ ਨਹੀਂ ਉਹ ਚੀਜ਼ ਆਪਣੀ ਹੈ ਹੀ ਨਹੀਂ, ਆਪਣੀ ਚੀਜ਼ ਸਤਿਗੁਰੂ ਜੀ ਆਪਾਂ ਨੂੰ ਜ਼ਰੂਰ ਦੇਣਗੇ। ਨਦਰੀ ਨਦਰ ਨਿਹਾਲ ਕਰਦੇ ਹੋਏ ਸ੍ਰੀ ਸਤਿਗੁਰੂ ਜੀ ਮਸਤਾਨਗੜ੍ਹ ਵਿਖੇ ਆਪਣੇ ਪ੍ਰੀਤਮ ਪਿਆਰੇ ਦੇ ਦਰਸ਼ਨਾਂ ਵਾਸਤੇ ਜੁੜ ਬੈਠੀ ਸਾਧ ਸੰਗਤ ਨੂੰ ਦਰਸ਼ਨ ਦਿੱਤੇ ਤੇ ਲੋੜਵੰਦਾਂ ਦੀਆਂ ਅਰਜ਼ਾਂ ਸੁਣੀਆਂ।

**25-1-2016** ਨੂੰ ਅੰਮ੍ਰਿਤਸਰਕਲਾਂ ਵਿਖੇ ਮਨਾਏ ਜਾ ਰਹੇ ਸ੍ਰੀ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਪੁਰਬ ਦੇ ਮੇਲੇ ਸਮੇਂ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਸੰਤ ਗੁਰਲਾਲ ਸਿੰਘ ਤੇ ਸੰਤ ਸ਼ਾਮ ਸਿੰਘ ਨੇ ਕੀਤਾ। ਪ੍ਰੋਗਰਾਮ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੇ ਅੰਮ੍ਰਿਤਸਰਕਲਾਂ ਦੇ ਨਵੇਂ ਬਣੇ ਸਰਪੰਚ ਸ. ਹਰਭੇਜ ਸਿੰਘ ਰੰਧਾਵਾ ਦੇ ਗ੍ਰਿਹ ਵਿਖੇ ਚਰਨ ਪਾਏ ਤੇ ਖੁਸ਼ੀਆਂ ਬਖਸ਼ਦੇ ਹੋਏ ਹੋਰ 8-10 ਘਰਾਂ ਵਿਚ ਚਰਨ ਪਾ ਕੇ ਸੰਤ ਪੂਰਨ ਸਿੰਘ ਰਾਣੀਆਂ ਵਾਲਿਆਂ ਦੇ ਘਰ ਚਰਨ ਪਾਉਣ ਤੋਂ ਬਾਅਦ ਸੰਤ ਜਗੀਰ ਸਿੰਘ ਚੋਲੀਆ ਦੇ ਘਰ ਰਖੇ ਹੋਏ ਖੁਸ਼ੀ ਦੇ ਅਖੰਡ ਪਾਠ ਦੇ ਭੋਗ ਤੇ ਦਰਸ਼ਨ ਦਿੱਤੇ ਤੇ ਰਹਿਮਤਾਂ ਦਾ ਮੀਂਹ ਵਰਸਾਉਂਦੇ ਹੋਏ ਸ੍ਰੀ ਸਤਿਗੁਰੁ ਜੀ ਪਿੰਡ ਰਾਮਪੁਰ ਦੇ ਨਵੇਂ ਬਣੇ ਸਰਪੰਚ ਸੁਖਬਾਜ ਸਿੰਘ ਦੇ ਗ੍ਰਿਹ ਚਰਨ ਪਾਏ ਤੇ ਖੁਸ਼ੀਆਂ ਬਖਸ਼ਦੇ ਹੋਏ ਸ੍ਰੀ ਸਤਿਗੁਰੂ ਜੀ ਪ੍ਰਤਾਪ ਨਗਰ ਦੇ ਬਣੇ ਸਰਪੰਚ ਬੀਬੀ ਰਵਿੰਦਰ ਕੌਰ (ਸੰਤ ਨਿਰਵੈਰ ਸਿੰਘ ਸਾਗਰਪੁਰੀਏ ਦੀ ਨੂੰਹ) ਦੇ ਘਰ ਚਰਨ ਪਾਕੇ ਸਾਰੇ ਪਰਿਵਾਰ ਨੂੰ ਅਸ਼ੀਰਵਾਦ ਦਿੱਤਾ ਉਸ ਤੋਂ ਬਾਅਦ ਮਸਤਾਨਗੜ੍ਹ ਵਿਖੇ ਆਏ ਹੋਏ ਵਿਸ਼ੇਸ਼ ਮਹਿਮਾਨਾਂ ਨੂੰ ਦਰਸ਼ਨ ਦੇ ਕੇ ਉਹਨਾਂ ਦੀਆਂ ਅਰਜ਼ਾਂ ਸੁਣਕੇ ਸਤਿਗੁਰੂ ਜੀ ਸੰਤ ਨਗਰ ਵਿਖੇ ਸਰਪੰਚ ਗੁਰਦੀਪ ਸਿੰਘ ਦੇ ਘਰ ਦਰਸ਼ਨ ਦਿੱਤੇ। ਸਾਰੇ ਪਰਿਵਾਰ ਨੇ ਸਤਿਗੁਰੂ ਜੀ ਦੇ ਚਰਨ ਪਰਸੇ ਤੇ ਬਖਸ਼ਿਸ਼ ਮੰਗੀ। ਸਤਿਗੁਰੂ ਜੀ ਹੁਕਮ ਕੀਤਾ ਕਿਸੇ ਨਾਲ ਵੈਰ ਵਿਰੋਧ ਨਹੀਂ ਰੱਖਣਾ, ਸਭ ਦੀ ਸੇਵਾ ਕਰਨੀ ਹੈ ਤੇ ਫਿਰ ਸ੍ਰੀ ਸਤਿਗੁਰੂ ਜੀ ਕਰੀਵਾਲੇ ਸੰਤ ਜਸਵੰਤ ਸਿੰਘ ਸੋਧੀ ਦੇ ਪੁੱਤਰ ਕਾਕਾ ਵਰਿੰਦਰ ਸਿੰਘ ਜੋ ਇਕ ਹਾਦਸੇ ਵਿਚ ਚੜ੍ਹਾਈ ਕਰ ਗਿਆ ਸੀ ਉਹਦੇ ਭੋਗ ਤੇ ਦਰਸ਼ਨ ਦਿੱਤੇ ਤੇ ਪਰਿਵਾਰ ਨੂੰ ਪ੍ਰਮੇਸ਼ਵਰ ਦੀ ਰਜ਼ਾ ਵਿਚ ਰਹਿਣ ਦਾ ਉਪਦੇਸ਼ ਦਿੱਤਾ। ਦੁਪਹਿਰ 2 ਵਜੇ ਸੰਤ ਨਗਰ ਵਿਖੇ ਪ੍ਰਤਾਪ ਮੰਦਰ ਵਿਚ ਸੰਤ ਗੁਰਦੇਵ ਸਿੰਘ ਨਾਈਵਾਲਾ ਦੇ ਭੋਗ ਤੇ ਦਰਸ਼ਨ ਦਿੱਤੇ। ਸ੍ਰੀ ਸਤਿਗੁਰੂ ਜੀ ਜੀਵਨ ਨਗਰ ਵਿਖੇ ਨਵ ਨਿਰਮਾਣ ਹੋ ਰਹੇ 'ਸ੍ਰੀ ਸਤਿਗੁਰੂ ਜਗਜੀਤ ਸਿੰਘ ਕਮਿਊਨਿਟੀ ਹਾਲ' ਵਿਚ ਚਰਨ ਪਾਉਣ ਦੀ ਕਿਰਪਾ ਕੀਤੀ ਤੇ ਨਾਲ ਹੀ ਸੰਤ ਅਮਰ ਸਿੰਘ ਲੰਬੜਦਾਰ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਚਰਨ ਛੋਹ ਧਰਤੀ ਟਿੱਬਾ ਸਾਹਿਬ ਵਿਖੇ ਫਸਲਾਂ ਤੇ ਕਿਰਪਾ ਕਰਦਿਆਂ ਹੋਇਆਂ ਸ੍ਰੀ ਸਤਿਗੁਰੂ ਜੀ ਭੜੋਲਿਆਂ ਵਾਲੀ ਨਕੌੜਾ ਵਿਖੇ ਦਰਸ਼ਨ ਦਿੰਦੇ ਹੋਏ ਸਤਿਗੁਰੂ ਜੀ ਮਸਤਾਨਗੜ੍ਹ ਆਣ ਬਿਰਾਜੇ।

**26-1-2016,** ਮਸਤਾਨਗੜ੍ਹ ਵਿਖੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿਚ ਪੁਰਾਤਨ ਰੀਤਾਂ ਨਾਲ ਸੰਤ ਬਲੀ ਸਿੰਘ, ਸੰਤ ਗੁਰਲਾਲ ਸਿੰਘ, ਸੰਤ ਸ਼ਾਮ ਸਿੰਘ ਤੇ ਹਰਜੀਤ ਸਿੰਘ ਸਿਰਸਾ ਨੇ ਕੀਤਾ ਤੇ ਢੋਲਕੀ ਤੇ ਸੰਤ ਬਲਵੰਤ ਸਿੰਘ ਮੁਕਤਾ ਤੇ ਲਵਪ੍ਰੀਤ ਸਿੰਘ ਨੇ ਸਾਥ ਦਿੱਤਾ। ਅੱਜ ਦਾ ਮੇਲਾ ਸਰਪੰਚ ਗੁਰਦੀਪ ਸਿੰਘ ਖੰਭ ਅਤੇ ਧਿਆਨ ਸਿੰਘ ਮੁਕਤਾ ਵਲੋਂ ਕਰਵਾਇਆ ਗਿਆ ਤੇ ਨਾਲ ਹੀ ਸੰਤ ਬਲਵਿੰਦਰ ਸਿੰਘ (ਬਿੱਟਾ) ਦੇ ਪੁੱਤਰ ਦਾ ਅਨੰਦ ਕਾਰਜ ਪੂਰਨ ਮਰਯਾਦਾ ਅਨੁਸਾਰ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੋਇਆ। ਮੇਲੇ ਦੀ ਸਮਾਪਤੀ ਤੋਂ ਬਾਅਦ ਪਿੰਡ ਸੰਤੋਖਪੁਰਾ ਦੇ ਨਵੇਂ ਬਣੇ ਸਰਪੰਚ ਗੁਰਦੇਵ ਸਿੰਘ (ਦੂਲਾ) ਦੇ ਘਰ ਰਖੇ ਹੋਏ ਖੁਸ਼ੀ ਦੇ ਅਖੰਡ ਪਾਠ ਦੇ ਭੋਗ ਤੇ ਦਰਸ਼ਨ ਦਿੱਤੇ। ਪਿੰਡ ਦੀ ਸਾਰੀ ਸੰਗਤ ਫੁੱਲਾਂ ਦੇ ਹਾਰ ਲੈ ਕੇ ਪਿੰਡ ਤੋਂ ਬਾਹਰ ਆਪਣੇ ਸਤਿਗੁਰੂ ਪਿਆਰੇ ਦੀ ਰਾਹ ਵਿਚ ਫੁੱਲ ਵਿਛਾਏ ਖੜੀ ਸੀ। ਇੰਤਜਾਰ ਦੀਆਂ ਘੜੀਆਂ ਸਮਾਪਤ ਹੋਈਆਂ ਸਤਿਗੁਰੂ ਜੀ ਦੇ ਆਗਮਨ ਤੇ ਜੈਕਾਰਿਆਂ ਨਾਲ ਸੁਆਗਤ ਕੀਤਾ ਤੇ ਫਿਰ ਸ੍ਰੀ ਸਤਿਗੁਰੂ ਜੀ ਨੇ ਸੰਤ ਨਗਰ ਵਿਖੇ ਸ. ਮੰਗਲ ਸਿੰਘ ਵਿਰਕ ਦੇ ਨਵੇਂ ਬਣਾਏ ਗੈਰਿਜ ਦੇ ਮਹੂਰਤ ਤੇ ਚਰਨ ਪਾਏ। ਸਫਲਤਾ ਦੀ ਅਰਦਾਸ ਕਰਵਾਈ। ਸ੍ਰੀ ਸਤਿਗੁਰੂ ਜੀ ਸਭ ਨੂੰ ਖੁਸ਼ੀਆਂ ਬਖਸ਼ਦੇ ਹੋਏ ਵਾਇਆ ਮਾਨਸਾ, ਰਾਮਪੁਰਾ ਫੂਲ ਹੁੰਦੇ ਹੋਏ ਰਾਤ ਨੂੰ ਸ੍ਰੀ ਭੈਣੀ ਸਾਹਿਬ ਜਾ ਬਿਰਾਜੇ।

***-ਗੁਰਮੀਤ ਸਿੰਘ ਚਾਨਾ,***
***ਸਕੱਤਰ ਵਿਸ਼ਵ ਨਾਮਧਾਰੀ ਵਿਦਿਅਕ ਜਥਾ ਸ੍ਰੀ ਭੈਣੀ ਸਾਹਿਬ***



**ਜਲੰਧਰ ਵਿਖੇ ਹੋਏ ਹਰੀਵਲਭ ਸੰਗੀਤ ਪ੍ਰਤੀਯੋਗਤਾ ਵਿਚ ਦੂਸਰੇ ਸਥਾਨ ਤੇ ਆਏ ਸੰਤ ਈਸ਼ਰ ਸਿੰਘ ਸ਼ੀਲਡ ਪ੍ਰਾਪਤ ਕਰ ਸ੍ਰੀ ਸਤਿਗੁਰੂ ਜੀ ਤੋਂ ਅਸ਼ੀਰਵਾਦ ਲੈਂਦੇ ਹੋਏ।**



**ਸ੍ਰੀ ਸਤਿਗੁਰੂ ਜੀ ਪਾਸੋਂ ਡਾ. ਨਰਿੰਦਰ ਸਿੰਘ ਧਾਲੀਵਾਲ (ਐਸ. ਡੀ. ਐਮ.) ਖੁਸ਼ੀਆਂ ਪ੍ਰਾਪਤ ਕਰਦੇ ਹੋਏ।**



**ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਕਾਕਾ ਗਿਆਨ ਸਿੰਘ ਬੀਬੀ ਪ੍ਰਿਤਪਾਲ ਕੌਰ ਦਾ ਅਨੰਦ ਕਾਰਜ ਮਸਤਾਨਗੜ੍ਹ ਵਿਖੇ ਹੋਇਆ। 25-03-2015**



**ਕਾਕਾ ਰਤਨ ਸਿੰਘ ਬੀਬੀ ਹਰਪ੍ਰੀਤ ਕੌਰ ਦਾ ਅਨੰਦ ਕਾਰਜ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਮਸਤਾਨਗੜ੍ਹ ਵਿਖੇ ਸੰਪੰਨ ਹੋਇਆ। 23-12-2015**

# ਰਾਮਪੁਰਾ ਫੂਲ ਵਿਖੇ ਸ਼ਹੀਦੀ ਸਮਾਗਮ...(ਬਾਕੀ ਸਫਾ 4 ਦੀ)



ਸ਼ਹੀਦ ਵਰਿਆਮ ਸਿੰਘ ਯਾਦਗਾਰ ਕਮੇਟੀ ਦੇ ਪ੍ਰਧਾਨ ਸੰਤ ਹਰਦੇਵ ਸਿੰਘ ਸ੍ਰੀ ਸਤਿਗੁਰੂ ਜੀ ਪਾਸੋਂ ਸਨਮਾਨ ਪ੍ਰਾਪਤ ਕਰਦੇ ਹੋਏ।



ਸੰਤ ਜਸਵਿੰਦਰ ਸਿੰਘ ਸ੍ਰੀ ਸਤਿਗੁਰੂ ਜੀ ਪਾਸੋਂ ਸਨਮਾਨ ਪ੍ਰਾਪਤ ਕਰਦੇ ਹੋਏ।

ਸਤਿਗੁਰੂ ਜੀ ਵਲੋਂ ਸ. ਜਸਵਿੰਦਰ ਸਿੰਘ ਜਿਸ ਨੇ ਸ਼ਹੀਦੀ ਸਮਾਰਕ ਦੇ ਹਾਲ ਅਤੇ ਲੰਗਰ ਹਾਲ ਦੀ ਇਮਾਰਤ ਬਣਾਉਣ ਸਮੇਂ ਆਪਣੇ ਕਾਰੋਬਾਰ ਛੱਡਕੇ ਦਿਨ ਰਾਤ ਇਕ ਕਰਕੇ ਸੇਵਾ ਕੀਤੀ ਦਾ ਇਕ ਸਨਮਾਨ ਪੱਤਰ, ਮਾਲਾ ਅਤੇ ਸਿਰੋਪਾਓ ਦੇ ਕੇ ਸਨਮਾਨ ਕੀਤਾ। ਸੰਤ ਹਰਦੇਵ ਸਿੰਘ ਜੋ ਲੰਮੇ ਸਮੇਂ ਤੋਂ ਸ਼ਹੀਦ ਵਰਿਆਮ ਸਿੰਘ ਯਾਦਗਾਰ ਕਮੇਟੀ ਦੀ ਪ੍ਰਧਾਨਗੀ ਦੀ ਸੇਵਾ ਨਿਭਾ ਰਹੇ ਹਨ, ਦਿਨ ਰਾਤ ਇਕ ਕਰਕੇ ਸੇਵਾ ਕਰ ਰਹੇ ਹਨ, ਸੰਤ ਮੇਜਰ ਸਿੰਘ ਜੋ ਕਿ ਲੰਮੇ ਸਮੇਂ ਤੋਂ ਖਜ਼ਾਨਚੀ ਦੀ ਸੇਵਾ ਨਿਭਾ ਰਹੇ ਹਨ ਅਤੇ ਕਾਮਰੇਡ ਜੋਗਿੰਦਰ ਸਿੰਘ ਜੋ ਉਪ ਸਕੱਤਰ ਦੀ ਸੇਵਾ ਨਿਭਾ ਰਹੇ ਹਨ ਦਾ ਵੀ ਸ੍ਰੀ ਸਤਿਗੁਰੂ ਜੀ ਨੇ ਆਪਣੇ ਹਸਤ ਕੰਵਲਾਂ ਨਾਲ ਸਨਮਾਨ ਪੱਤਰ, ਮਾਲਾ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

ਦੋ ਰੋਜ਼ਾ ਇਸ ਸਮਾਗਮ ਵਿਚ ਰਾਮਪੁਰਾ ਫੂਲ ਦਾ ਜਥਾ ਆਸਾ ਦੀ ਵਾਰ ਲਗਾਉਂਦਾ ਰਿਹਾ। ਕਵੀ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ, ਦਿਲਬਾਗ ਸਿੰਘ ਵਲਟੋਹਾ ਦੇ ਕਵੀਸ਼ਰੀ ਜਥਿਆਂ ਨੇ ਸ਼ਹੀਦਾਂ ਦੀਆਂ ਵਾਰਾਂ ਗਾਈਆਂ। ਜਥੇਦਾਰ ਨਿਸ਼ਾਨ ਸਿੰਘ ਦਿੱਲੀ, ਸੂਬਾ ਸੰਦੀਪ ਸਿੰਘ ਕਰੀਵਾਲਾ, ਜਥੇਦਾਰ ਪ੍ਰੀਤਮ ਸਿੰਘ ਸਹਿਣਾ, ਕਾਕਾ ਬਲਦੇਵ ਸਿੰਘ ਲੁਧਿਆਣਾ ਦੇ ਜਥਿਆਂ ਨੇ ਹੱਲੇ ਦੇ ਦਿਵਾਨ ਸਜਾਏ, ਇਤਿਹਾਸ ਤੇ ਰੌਸ਼ਨੀ ਪਾਈ ਅਤੇ ਸਮਾਜ ਨੂੰ ਕੁਰੀਤੀਆਂ ਤੋਂ ਬਚਣ ਅਤੇ ਪਵਿੱਤਰ ਜੀਵਨ ਜਿਉਣ ਦਾ ਪ੍ਰਚਾਰ ਕੀਤਾ। ਨਿੱਕੀ ਬੱਚੀ ਬੇਅੰਤ ਕੌਰ ਨੇ ਸਤਿਗੁਰੁ ਜਗਜੀਤ ਸਿੰਘ ਜੀ ਦੇ ਵਿਛੋੜੇ ਦੀ ਕਵਿਤਾ ਸੁਣਾਈ। ਛੋਟੀ ਬੱਚੀ ਗੁਰਦੇਵ ਕੌਰ ਨੇ ਪ੍ਰਭਾਵਸ਼ਾਲੀ ਸ਼ਬਦ ਗਾਇਨ ਕੀਤਾ। ਪੁਸ਼ਪਿੰਦਰ ਕੌਰ ਅਤੇ ਅਤਰ ਸਿੰਘ ਨੇ ਕਵਿਤਾਵਾਂ ਪੜ੍ਹੀਆਂ। ਇਸ ਸਮੇਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਦੀ ਖੁਸ਼ੀ ਵਿਚ ਅਤੇ ਸ਼ਹੀਦਾਂ ਨੂੰ ਸਮਰਪਿਤ 5 ਸਧਾਰਨ ਪਾਠਾਂ ਦੇ ਭੋਗ ਪਾਏ ਗਏ।

ਸ੍ਰੀ ਸਤਿਗੁਰੂ ਜੀ ਨੇ ਲੰਗਰ ਹਾਲ ਵਿਚ ਚਰਨ ਪਾਏ। ਸ੍ਰੀ ਸਤਿਗੁਰੂ ਜੀ ਲਈ ਬਣਾਏ ਪੋਰਸ਼ਨ ਨੂੰ ਵੀ ਸਤਿਗੁਰੂ ਜੀ ਨੇ ਪਾਵਨ ਪਵਿੱਤਰ ਕੀਤਾ। ਲੰਗਰ ਹਾਲ ਦੀ ਹੱਟੀ ਵਿਚ ਚਰਨ ਪਾਉਣ ਸਮੇਂ ਸ੍ਰੀ ਸਤਿਗੁਰੂ ਜੀ ਨੇ ਸ਼ਹੀਦ ਵਰਿਆਮ ਸਿੰਘ ਯਾਦਗਾਰ ਕਮੇਟੀ ਦੇ ਪ੍ਰਧਾਨ ਸੰਤ ਹਰਦੇਵ ਸਿੰਘ ਨੂੰ ਗਲਵਕੜੀ ਵਿਚ ਘੁਟਕੇ ਪਿਆਰ ਕਰਨ ਦੀ ਬਖਸ਼ਿਸ਼ ਕੀਤੀ। ਸਮਾਗਮ ਵਿਚ ਕਥਾਕਾਰ ਨਿਸ਼ਾਨ ਸਿੰਘ, ਹਰਪਾਲ ਸਿੰਘ ਇੰਗਲੈਂਡ, ਸੂਬਾ ਹਰਭਜਨ ਸਿੰਘ, ਸੂਬਾ ਮੱਲ ਸਿੰਘ, ਸੂਬਾ ਬਲਬੀਰ ਸਿੰਘ, ਗੁਰਦੀਪ ਸਿੰਘ ਕੋਠਾ ਗੁਰੂ ਕਾ, ਸੰਤ ਜ਼ੋਰਾ ਸਿੰਘ ਹਿੰਮਤਪੁਰਾ, ਸੰਤ ਸਮਿੰਦਰ ਸਿੰਘ ਸੈਦੋਕੇ, ਸ. ਗੁਰਮੁਖ ਸਿੰਘ ਰਹਿਬਰ, ਸ. ਨਿਰਮਲ ਸਿੰਘ ਭੱਟੀ ਨੇ ਵਿਸ਼ੇਸ਼ ਸ਼ਿਰਕਤ ਕੀਤੀ। ਸ੍ਰੀ ਭੈਣੀ ਸਾਹਿਬ ਦੀ ਸੰਗਤ ਨੇ ਖੂਬ ਸੇਵਾ ਕੀਤੀ। ਇਲਾਕੇ ਵਿਚੋਂ ਖਾਸ਼ ਕਰਕੇ ਲੁਧਿਆਣੇ ਤੋਂ ਬਹੁਤ ਸੰਗਤ ਆਈ ਹੋਈ ਸੀ। ਮੇਲੇ ਦੀ ਸਮਾਪਤੀ ਸਮੇਂ ਆਪਣੇ ਮਾਹੀ ਦਾ ਦਿਦਾਰ ਕਰਕੇ ਹਰ ਮੁਖੜੇ ਤੇ ਖੁਸ਼ੀ ਦੇ ਝਲਕਾਰੇ ਪੈਂਦੇ ਸਨ।

**-ਡਾ. ਲਖਵੀਰ ਸਿੰਘ ਰਾਮਪੁਰਾ ਫੂਲ**



ਸ਼ਹੀਦ ਵਰਿਆਮ ਸਿੰਘ ਯਾਦਗਾਰ ਕਮੇਟੀ ਦੇ ਖਜ਼ਾਨਚੀ ਦਾ ਸਨਮਾਨ

# ਪਿਛੈ ਕੀਰਤਨੁ ਕਰਿਅਹੁ ਨਿਰਬਾਣੁ



● **ਦਿੱਲੀ**-ਬਹੁਤ ਪਿਆਰੇ ਨਾਮਧਾਰੀ ਸਿੱਖ **ਸੰਤ ਰਵਿੰਦਰ ਸਿੰਘ** ਪੁੱਤਰ ਸੰਤ ਮੋਹਣ ਸਿੰਘ (ਰੋਡ ਰੋਲਰ ਵਾਲੇ) 54 ਸਾਲ ਦੀ ਉਮਰ ਵਿਚ 27 ਜਨਵਰੀ 2016 ਨੂੰ ਮਾਨਸਰੋਵਰ ਗਾਰਡਨ ਦਿੱਲੀ ਆਪਣੇ ਗ੍ਰਹਿ ਵਿਖੇ ਆਪਣੀ ਸੰਸਾਰ ਯਾਤਰਾ ਪੂਰੀ ਕਰ ਗਏ। ਉਹਨਾਂ ਦੀ ਯਾਦ ਵਿਚ ਹਰ ਰੋਜ਼ ਸ਼ਾਮੀ ਨਾਮ ਬਾਣੀ ਸ਼ਬਦ ਕੀਰਤਨ ਦਾ ਪ੍ਰਵਾਹ ਚਲਦਾ ਰਿਹਾ। ਉਹਨਾਂ ਨਮਿਤ ਰਖੇ ਪਾਠ ਦਾ ਭੋਗ 3 ਫਰਵਰੀ 2016 ਨੂੰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਹੁਕਮ ਅਨੁਸਾਰ ਦਿੱਲੀ ਵਿਖੇ ਹੀ ਪਾਇਆ ਗਿਆ। ਸ੍ਰੀ ਭੈਣੀ ਸਾਹਿਬ ਤੋਂ ਆਏ ਰਾਗੀ ਹਰਬੰਸ ਸਿੰਘ ਘੁੱਲਾ ਦੇ ਜਥੇ ਨੇ ਮਨੋਹਰ ਕੀਰਤਨ ਕੀਤਾ। ਜਥੇਦਾਰ ਮਨਜੀਤ ਸਿੰਘ ਨੇ ਸੰਸਾਰ ਦੀ ਨਾਸ਼ਮਾਨਾ ਬਾਰੇ ਦਿਵਾਨ ਸਜਾਇਆ।

ਸ. ਹਰਵਿੰਦਰ ਸਿੰਘ ਹੰਸਪਾਲ ਜੀ ਨੇ ਦੱਸਿਆ ਕਿ ਸੰਤ ਮੋਹਨ ਸਿੰਘ ਅਤੇ ਸਾਰਾ ਪਰਿਵਾਰ ਸ੍ਰੀ ਸਤਿਗੁਰੂ ਜੀ ਤੇ ਭਰੋਸੇ ਵਾਲਾ ਪਰਿਵਾਰ ਸੀ। ਸਤਿਗੁਰੂ ਜਗਜੀਤ ਸਿੰਘ ਜੀ ਤਾਂ ਸੰਤ ਮੋਹਨ ਸਿੰਘ ਨਾਲ ਨਿਜੀ ਪਰਿਵਾਰਕ ਬਚਨ ਵੀ ਸਾਂਝੇ ਕਰ ਲੈਂਦੇ ਸਨ। ਉਪਰੰਤ ਪਾਠ ਦਾ ਭੋਗ ਪਾਇਆ ਗਿਆ ਅਤੇ ਅਰਦਾਸ ਕੀਤੀ ਗਈ ਕਿ ਇਸ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ। ਉਹਨਾਂ ਦੇ ਸਾਰੇ ਭੈਣ, ਭਰਾ, ਬੱਚਿਆਂ ਨੇ ਅਤੇ ਹੋਰ ਰਿਸ਼ਤੇਦਾਰਾਂ ਨੇ ਰਲ ਕੇ ਉਹਨਾਂ ਨਮਿਤ ਬਹੁਤ ਵਧੀਆ ਮੇਲਾ ਕੀਤਾ। ਉਪਰੰਤ ਪਰਿਵਾਰ ਵਲੋਂ ਆਈ ਸਾਧ ਸੰਗਤ ਦਾ ਧੰਨਵਾਦ ਕੀਤਾ ਗਿਆ ਅਤੇ ਜਲ ਪਾਣੀ ਛਕਾ ਕੇ ਸੇਵਾ ਕੀਤੀ ਗਈ। **-ਗੁਰਜੀਤ ਸਿੰਘ**

● ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਨਿਵਾਜਿਸ ਦੇ ਪਾਤਰ ਸੂਬਾ ਬਲਜੀਤ ਸਿੰਘ ਮਾਨਸਾ ਦੀ **ਮਾਤਾ ਗੁਰਦੀਪ ਕੌਰ** ਜੋ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ ਉਹਨਾਂ ਨਮਿਤ ਭੋਗ ਸਮਾਗਮ ਅਤੇ ਮੇਲਾ ਸ੍ਰੀ ਸਤਿਗਰੂ ਉਦੈ ਸਿੰਘ ਜੀ ਹਜ਼ੂਰੀ ਵਿਚ ਸੂਬਾ ਬਲਜੀਤ ਸਿੰਘ ਦੇ ਗ੍ਰਹਿ ਮਾਨਸਾ ਵਿਖੇ ਹੋਇਆ। ਮਾਤਾ ਗੁਰਦੀਪ ਕੌਰ ਜਿਹਨਾਂ ਦਾ ਸਮੁਚਾ ਜੀਵਨ ਇਕ ਸ਼ਰਧਾਵਾਨ ਸਿੱਖ ਦੀ ਨਿਆਈ ਬੀਤਿਆ। ਉਹਨਾਂ ਦਾ ਪੇਕਾ ਪਰਿਵਾਰ ਡੇਰਾ ਮੀਰ ਮੀਆਂ ਜ਼ਿਲਾ ਫਤਹਿਗੜ੍ਹ ਨਾਲ ਸੰਬੰਧਤ ਹੈ। ਮਾਤਾ ਗੁਰਦੀਪ ਕੌਰ ਦਾ ਅਨੰਦ ਕਾਰਜ ਜ਼ਿਲਾ ਸਿਆਲਕੋਟ ਦੇ ਦੇ ਪਿੰਡ ਬਾਲੇਕੇ ਦੇ ਸੰਤ ਭਗਵਾਨ ਸਿੰਘ ਦੇ ਪੁੱਤਰ ਜਥੇਦਾਰ ਪਿਆਰਾ ਸਿੰਘ ਨਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਅੰਮ੍ਰਿਤਸਰ ਨਾਮਧਾਰੀ ਧਰਮਸ਼ਾਲਾ ਵਿਚ ਹੋਇਆ। ਜਥੇਦਾਰ ਪਿਆਰਾ ਸਿੰਘ ਨੇ ਸਤਿਗੁਰੂ ਪ੍ਰਤਾਪ ਸਿੰਘ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਅਥਾਹ ਪਿਆਰ ਮਾਣਿਆ ਅਤੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਅਪਾਰ ਬਖਸ਼ਿਸ਼ ਦੇ ਪਾਤਰ ਹਨ। ਜਥੇਦਾਰ ਪਿਆਰਾ ਸਿੰਘ ਦੇ ਹੋਣਹਾਰ ਪੁੱਤਰ ਨੂੰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਸੂਬਾ ਪੱਦਵੀ ਨਾਲ ਨਿਵਾਜਿਆ ਹੈ।

ਮਿਤੀ 26-01-2016 ਨੂੰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਆਪਣੇ ਇਲਾਕਾ ਜੀਵਨ ਨਗਰ ਦੌਰੇ ਤੋਂ ਵਾਪਸੀ ਸਮੇਂ ਮਾਨਸਾ ਵਿਖੇ ਮਾਤਾ ਗੁਰਦੀਪ ਕੌਰ ਦੇ ਭੋਗ ਸਮਾਗਮ ਤੇ ਦਰਸ਼ਨ ਦਿੱਤੇ। ਜਥੇਦਾਰ ਸੰਤੋਖ ਸਿੰਘ ਅਮਰਾਸਰ ਵਾਲਿਆਂ ਦੇ ਦਿਵਾਨ ਤੋਂ ਪਹਿਲਾਂ ਪੰਡਿਤ ਯਾਦਵਿੰਦਰ ਸਿੰਘ ਝੱਲ ਨੇ ਵੈਰਾਗਮਈ ਕਥਾ ਦੁਆਰਾ ਸੰਗਤ ਨੂੰ ਨਿਹਾਲ ਕੀਤਾ। ਭੋਗ ਸਮਾਗਮ ਸਮੇਂ ਉਚੇਚੇ ਤੌਰ ਤੇ ਸ. ਸੁਖਵਿੰਦਰ ਸਿੰਘ ਔਲਖ ਸਾਬਕਾ ਐਮ. ਐਲ. ਏ., ਸ. ਅਜੀਤ ਇੰਦਰ ਸਿੰਘ ਐਮ. ਐਲ. .ਏ ਸਰਦੂਲਗੜ੍ਹ, ਸ਼੍ਰੀ ਪ੍ਰੇਮ ਕੁਮਾਰ, ਸ. ਅਮਰੀਕ ਸਿੰਘ ਢਿਲੋਂ, ਕਰਮ ਸਿੰਘ ਚੌਹਾਨ, ਸੁਖਰਾਜ ਸਿੰਘ, ਅਤੇ ਸਾਰੇ ਕਾਂਗਰਸੀ ਆਗੂ ਗੁਰਪ੍ਰੀਤ ਕੌਰ ਗਾਗੋਵਾਲ, ਜੱਗਾ ਸਿੰਘ ਬੋਹਾ, ਪ੍ਰਧਾਨ ਨਗਰ ਕਾਉਂਸਲ ਬੋਹਾ, ਸੰਤ ਸੁਰਿੰਦਰ ਸਿੰਘ ਮੀਤ ਪ੍ਰਧਾਨ ਨਾਮਧਾਰੀ ਦਰਬਾਰ, ਸੂਬਾ ਸਵਿੰਦਰ ਸਿੰਘ ਡੇਰਾ ਮੀਰ ਮੀਆਂ, ਸੂਬਾ ਬਲਬੀਰ ਸਿੰਘ ਢਿਲਵਾਂ, ਸੂਬਾ ਇੰਦਰਜੀਤ ਸਿੰਘ ਭਗਤਾਂ, ਸੂਬਾ ਬਲਵਿੰਦਰ ਸਿੰਘ ਝਲ, ਸੰਤ ਗੁਰਮੁਖ ਸਿੰਘ ਰਹਿਬਰ, ਗਿਆਨੀ ਜੋਗਿੰਦਰ ਸਿੰਘ, ਸੰਤ ਜੋਰਾ ਸਿੰਘ ਹਿੰਮਤਪੁਰਾ, ਸੰਤ ਕੌਰ ਸਿੰਘ ਡੇਰਾ ਧਰਮੂਕੋਟ, ਸੂਬਾ ਰੇਸ਼ਮ ਸਿੰਘ ਕਨੇਡਾ ਨੇ ਹਾਜ਼ਰੀ ਭਰੀ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿਚ ਪਵਿੱਤਰ ਗੁਰਬਾਣੀ ਨੌਵੇਂ ਮਹਲੇ ਦੇ ਸਲੋਕ ਸਮਾਪਤੀ ਸਮੇਂ ਅਰਦਾਸ ਕੀਤੀ ਗਈ।। **-ਸੂਬਾ ਬਲਵਿੰਦਰ ਸਿੰਘ ਝੱਲ**

# ਸਤਿਗੁਰ ਦੀ ਲੋੜ

✍ ਲਖਵਿੰਦਰ ਸਿੰਘ ਬਾਜਵਾ

ਜੁੱਗ ਬਦਲ ਜਾਂਦੈ ਜਦੋਂ ਜੋਤ ਬਦਲੇ, ਨਵੇਂ ਜੁੱਗ ਦਾ ਫੇਰ ਆਰੰਭ ਹੁੰਦੈ।
ਨਵਾਂ ਸੂਰਜ ਬਿਖੇਰਦਾ ਨਵੀਂ ਲਾਲੀ, ਜਿੱਦਾਂ ਨਾਲ ਕਮਲਾਂ ਭਰਿਆ ਛੰਭ ਹੁੰਦੈ।
ਅੰਬਰ ਨਾਪੀਏ ਨਵੀਂ ਪ੍ਰਵਾਜ ਲੈ ਕੇ, ਸਤਿਗੁਰ ਸੰਗਤਾਂ ਵਾਸਤੇ ਖੰਭ ਹੁੰਦੈ।
ਪਾਏ ਰਾਹ ਕੁਰਾਹਾਂ ਤੇ ਖੁੰਝਿਆਂ ਨੂੰ, ਐਸਾ ਸਤਿਗੁਰੂ ਨੂਰੀ ਸਤੰਭ ਹੁੰਦੈ।

ਹੁੰਦੀ ਬੱਦਲਾਂ ਬਿਨਾਂ ਬਰਸਾਤ ਨਾਹੀ, ਗੁਰੂ ਬਾਝ ਨਾ ਹੋਵੇ ਗਿਆਨ ਲੋਕੋ।
ਕਰੇ ਮਿਹਰ ਤਾਂ ਹੋਂਵਦਾ ਸਿਹਰ ਐਸਾ, ਅਨਹਦ ਨਾਦ ਦੀ ਸੁਣੀ ਦੀ ਤਾਨ ਲੋਕੋ।
ਗੁਰੂ ਮਾਰਦਾ ਚੋਟ ਤਕਬੱਰੀ ਤੇ, ਨੱਸੇ ਮਨਾਂ ਚੋਂ ਫੇਰ ਸੈਤਾਨ ਲੋਕੋ।
ਮਿਲ ਜਾਵੇ ਜੇ 'ਬਾਜਵਾ' ਗੁਰੂ ਕਾਮਲ ਹੋਵੇ ਸਿੱਖ ਦੀ ਵੱਖਰੀ ਸ਼ਾਨ ਲੋਕੋ।

ਸੱਚੇ ਗੁਰੂ ਦਾ ਪਕੜ ਕੇ ਹੱਥ ਪੱਲਾ, ਬੰਦਾ ਔਕੜਾਂ ਦੇ ਸਾਗਰ ਤਰ ਜਾਂਦੈ।
ਗੁਰੂ ਲਾਂਵਦਾ ਮਰ੍ਹਮ ਮਿਲਾਪ ਵਾਲੀ, ਜਖਮ ਦੂਈ ਦਵੈਤ ਦੇ ਭਰ ਜਾਂਦੈ।
ਅੰਜਨ ਪਾ ਗਿਆਨ ਦਾ ਵਿੱਚ ਅੱਖੀਂ, ਗੁਰ ਅਗਿਆਨ ਅੰਧੇਰੜਾ ਹਰ ਜਾਂਦੈ।
ਸੀਨਾ ਸਾੜਿਆ 'ਬਾਜਵਾ' ਪਾਪ ਅਗਨੀ, ਚਰਨ ਪਰਸ ਕੇ ਗੁਰੂ ਦੇ ਠਰ ਜਾਂਦੈ।

ਸਤਿਗੁਰ ਮਾਨਸਰੋਵਰ ਹੈ ਬਹੁਤ ਸੁੰਦਰ, ਐਪਰ ਹੰਸ ਹੋਇਆਂ ਮੋਤੀ ਲੱਭਦੇ ਨੇ।
ਸਤਿਗੁਰੂ ਰਤਨਾਕਰ ਵਿਸ਼ਾਲ ਏਨਾ, ਰਤਨਾ ਨਾਲ ਭਰਦੇ ਝੋਲੇ ਸਭ ਦੇ ਨੇ।
ਸਨਮੁੱਖ ਹੋਇਆਂ ਰਹਿੰਦੀ ਥੋੜ੍ਹ ਕੋਈ ਨਹੀਂ, ਮਨਮੁੱਖ ਵੇਖੇ ਥਾਂ ਥਾਂ ਯੱਭਦੇ ਨੇ।
ਸਿੱਖ ਗੁਰੂ ਦਾ 'ਬਾਜਵਾ' ਛਕਣ ਅੰਮ੍ਰਿਤ, ਕੁੱਤੇ ਵੇਖ ਲੈ ਹੱਡੀਆਂ ਚੱਬਦੇ ਨੇ।

ਜਿਵੇਂ ਸੋਨੇ ਦਾ ਗਹਿਣਾ ਸੁਨਿਆਰ ਘੜਦੈ, ਸਤਿਗੁਰ ਸਿੱਖ ਨੂੰ ਇੰਜ ਸਵਾਰ ਦੇਂਦੈ।
ਸਿੱਖ ਸਤਿਗੁਰੂ ਨੂੰ ਅਰਪਣ ਕਰੇ ਆਪਾ, ਸਤਿਗੁਰ ਸਿੱਖ ਉਤੋਂ ਆਪਾ ਵਾਰ ਦੇਂਦੈ।
ਜਿਵੇਂ ਪੁੱਤਾਂ ਨੂੰ ਮਾਂ ਪਿਆਰਦੀ ਏ, ਸਤਿਗੁਰ ਸਿੱਖ ਨੂੰ ਇੰਜ ਪਿਆਰ ਦੇਂਦੈ।
ਚੜ੍ਹੀਏ 'ਬਾਜਵਾ' ਨਾਲ ਪ੍ਰਤੀਤ ਬੇੜੇ, ਸਤਿਗੁਰ ਆਪ ਤਰਦੈ ਨਾਲੇ ਤਾਰ ਦੇਂਦੈ।

Date of Publication: 17/02/2016, Date of Posting:18-19/02/2016
Posted at PSO New Delhi-110001

RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17

# ਸ੍ਰੀ ਸਤਿਗੁਰੂ ਜੀ ਵਲੋਂ ਪਿੰਡਾਂ ਦੇ ਨਵੇਂ ਬਣੇ ਸਰਪੰਚਾਂ ਤੇ ਬਖ਼ਸ਼ਿਸ਼ਾਂ



ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸਰਪੰਚ ਗੁਰਦੀਪ ਸਿੰਘ ਸੰਤ ਨਗਰ ਪਰਵਾਰ ਸਮੇਤ।



ਸ੍ਰੀ ਸਤਿਗੁਰੂ ਜੀ ਅਮਰਾਸਰ ਕਲਾਂ ਵਿਖੇ ਸਰਪੰਚ ਜਗੀਰ ਸਿੰਘ ਚੋਲੀਆਂ ਦੇ ਗ੍ਰਿਹਿ ਵਿਖੇ ਅਖੰਡ ਪਾਠ ਦੇ ਭੋਗ ਸਮੇਂ ਦਰਸ਼ਨ ਦਿੰਦੇ ਹੋਏ।



ਸ੍ਰੀ ਸਤਿਗੁਰੂ ਜੀ ਸੰਤ ਗੁਰਦੇਵ ਸਿੰਘ (ਦੂਲਾ) ਪਿੰਡ ਸੰਤੋਖ ਪੁਰਾ ਦੇ ਗ੍ਰਿਹਿ ਵਿਖੇ ਸਰਪੰਚ ਬਣਨ ਦੀ ਖ਼ੁਸ਼ੀ ਵਿੱਚ ਰਖੇ ਅਖੰਡ ਪਾਠ ਦੇ ਭੋਗ ਸਮੇਂ ਦਰਸ਼ਨ ਦਿੰਦੇ ਹੋਏ।



ਸ੍ਰੀ ਸਤਿਗੁਰੂ ਜੀ ਤੋਂ ਖ਼ੁਸ਼ੀਆਂ ਪ੍ਰਾਪਤ ਕਰਦੇ ਸਰਪੰਚ ਸੁਖਬਾਜ ਸਿੰਘ ਪੁੱਤਰ ਸੰਤ ਇਕਬਾਲ ਸਿੰਘ (ਪਿੰਡ ਰਾਮਪੁਰਾ) ਅਤੇ ਪਰਵਾਰ।



ਸ੍ਰੀ ਸਤਿਗੁਰੂ ਜੀ ਪਿੰਡ ਦਮਦਮਾ ਵਿਖੇ ਨਵੇਂ ਬਣੇ ਸਰਪੰਚ ਸੰਤ ਸ਼ਾਮ ਸਿੰਘ ਪੁੱਤਰ ਸੰਤ ਜੀਤ ਸਿੰਘ ਮਲੋਟੀਆ ਦੇ ਪਰਵਾਰ ਤੇ ਕਿਰਪਾ ਕਰਦੇ ਹੋਏ।



ਪਿੰਡ ਪ੍ਰਤਾਪ ਨਗਰ ਵਿਖੇ ਸਰਪੰਚ ਬਣੀ ਬੀਬੀ ਰਵਿੰਦਰ ਕੌਰ ਸ੍ਰੀ ਸਤਿਗੁਰੂ ਜੀ ਪਾਸੋਂ ਬਖ਼ਸ਼ਿਸ਼ਾਂ ਪ੍ਰਾਪਤ ਕਰਦੀ ਹੋਈ।

## ਸਹਾਇਤਾ

| | | |
|---|---|---|
| ਸ. ਗੁਰਦੇਵ ਸਿੰਘ ਸਰਪੰਚ, ਪਿੰਡ ਜਾਲਖੇੜੀ | 2000/- | ਸਤਿਜੁਗ ਦੀ ਚੜ੍ਹਦੀ ਕਲਾ ਵਾਸਤੇ |
| ਸ. ਕੁਲਜਿੰਦਰ ਸਿੰਘ ਬਾਜਵਾ, ਪਿੰਡ ਬਸੀ ਪਠਾਣਾਂ | 1100/- | ਸਤਿਜੁਗ ਦੀ ਚੜ੍ਹਦੀ ਕਲਾ ਵਾਸਤੇ |
| ਸ. ਕਰਮ ਸਿੰਘ ਸਰਪੰਚ, ਪਿੰਡ ਸਸਰਾਲੀ ਕਾਲੋਨੀ | 1100/- | ਸਲਾਨਾ ਜਪ ਪ੍ਰਯੋਗ ਦੀ ਸਫਲਤਾ ਲਈ |
| ਸ. ਬਲਵੰਤ ਸਿੰਘ ਬੈਂਕ ਮੈਨੇਜਰ, ਪਿੰਡ ਦੋਰਾਹਾ | 1100/- | ਧਰਮ ਪਤਨੀ ਸ੍ਰੀਮਤੀ ਕਮਲਜੀਤ ਕੌਰ ਦੀ ਸੇਵਾ ਮੁਕਤੀ ਦੇ ਸਮਾਗਮ ਸਮੇਂ |
| ਸ੍ਰੀ ਓਮ ਪ੍ਰਕਾਸ਼ ਬੈਕਟਰ ਪ੍ਰਧਾਨ, ਦੋਰਾਹਾ | 1100/- | ਸਤਿਜੁਗ ਦੀ ਚੜ੍ਹਦੀ ਕਲਾ ਵਾਸਤੇ |
| ਸੇਠ ਪ੍ਰਦੀਪ ਕੁਮਾਰ ਥਾਪਰ, ਦੋਰਾਹਾ | 1100/- | ਸਤਿਜੁਗ ਦੀ ਚੜ੍ਹਦੀ ਕਲਾ ਵਾਸਤੇ |
| ਸ. ਭਾਲਿੰਦਰ ਸਿੰਘ, ਪਿੰਡ ਰੁਪਾਲੋਂ | 1100/- | ਸਤਿਜੁਗ ਦੀ ਚੜ੍ਹਦੀ ਕਲਾ ਵਾਸਤੇ |
| ਸ. ਤੇਜਿੰਦਰ ਸਿੰਘ, ਪਿੰਡ ਬੀੜ ਭਮਾਰਸੀ | 1100/- | ਕਾਕਾ ਸੰਤ ਤਰਨ ਸਿੰਘ ਦੇ ਭੋਗ ਸਮੇਂ |
| ਸ. ਕੁਲਦੀਪ ਸਿੰਘ, ਪਿੰਡ ਢੀਂਡਸਾ | 1100/- | ਸਤਿਜੁਗ ਦੀ ਚੜ੍ਹਦੀ ਕਲਾ ਵਾਸਤੇ |
| ਸੇਠ ਤੀਰਥ ਸਿੰਘ ਕੰਡਾ, ਪਿੰਡ ਦੋਰਾਹਾ | 700/- | ਸਤਿਜੁਗ ਦੀ ਚੜ੍ਹਦੀ ਕਲਾ ਵਾਸਤੇ |
| ਸ੍ਰੀ ਮਤੀ ਜਸਵਿੰਦਰ ਕੌਰ, ਸ੍ਰੀ ਭੈਣੀ ਸਾਹਿਬ | 500/- | ਸਤਿਜੁਗ ਦੀ ਚੜ੍ਹਦੀ ਕਲਾ ਵਾਸਤੇ |
| ਸ੍ਰੀ ਮਤੀ ਰਵਿੰਦਰ ਕੌਰ, ਕਨੇਡਾ | 500/- | ਸਤਿਜੁਗ ਦੀ ਚੜ੍ਹਦੀ ਕਲਾ ਵਾਸਤੇ |
| ਸ. ਸੁਮੀਤਪਾਲ ਸਿੰਘ, ਯੂ.ਕੇ. | 500/- | ਸਤਿਜੁਗ ਦੀ ਚੜ੍ਹਦੀ ਕਲਾ ਵਾਸਤੇ |
| ਸ. ਅਮਿਤਤੇਸ਼ਵਰ ਸਿੰਘ, ਕਨੇਡਾ | 500/- | ਸਤਿਜੁਗ ਦੀ ਚੜ੍ਹਦੀ ਕਲਾ ਵਾਸਤੇ |
| ਸ. ਬੁੱਧ ਸਿੰਘ, ਪਿੰਡ ਢੀਂਡਸਾ | 500/- | ਸਤਿਜੁਗ ਦੀ ਚੜ੍ਹਦੀ ਕਲਾ ਵਾਸਤੇ |
| ਸ੍ਰੀ ਅਨਿਲ ਕੁਮਾਰ ਸ਼ਰਮਾ ਐਕਸੀਅਨ, ਪਿੰਡ ਦੋਰਾਹਾ | 500/- | ਸਤਿਜੁਗ ਦੀ ਚੜ੍ਹਦੀ ਕਲਾ ਵਾਸਤੇ |
| ਸ. ਦਰਸ਼ਨ ਸਿੰਘ ਰਿਟਾਰਡ ਟੀਚਰ, ਪਿੰਡ ਖਟੜਾ ਚੁਹਾਰਮ | 500/- | ਸਤਿਜੁਗ ਦੀ ਚੜ੍ਹਦੀ ਕਲਾ ਵਾਸਤੇ |
| ਜਥੇਦਾਰ ਹਰਭਜਨ ਸਿੰਘ, ਪਿੰਡ ਬੀੜ ਭਮਾਰਸੀ | 500/- | ਨਵੀਂ ਕੋਠੀ ਵਿੱਚ ਗ੍ਰਿਹਿ ਪ੍ਰਵੇਸ਼ ਸਮੇਂ |
| ਸ. ਕੁਲਵੰਤ ਸਿੰਘ, ਪਿੰਡ ਬੇਗੋਵਾਲ | 500/- | ਸਤਿਜੁਗ ਦੀ ਚੜ੍ਹਦੀ ਕਲਾ ਵਾਸਤੇ |
| ਸ. ਸੁਖਦੇਵ ਸਿੰਘ, ਪਿੰਡ ਬਰ੍ਹਮੀ | 100/- | ਸਤਿਜੁਗ ਦੀ ਚੜ੍ਹਦੀ ਕਲਾ ਵਾਸਤੇ |

**ਇਹ ਸਹਾਇਤਾ ਸੂਬਾ ਨਿਰੰਜਨ ਸਿੰਘ ਟਮਕੌੜੀ ਰਾਹੀ ਪ੍ਰਾਪਤ ਹੋਈ**

Subscriber's Address

Type setting by: CADCON
Designed by: SHWETA GRAPHICS

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਨ ਦਾ ਸਮਾਂ-ਸਵੇਰੇ 6.57 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 6.13 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Ravindra Offset Press, A-26, Phase II, Narayana, New Delhi-110028 and published from Namdhari Gurdwara, Ramesh Nagar, New delhi-110015. Editor-Mr.Harvendra Singh Hanspal.
Phone: +91-9212318103, Email: satjugweekly@gmail.com
Issue No. 2 of 18 February 2016